Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 5 : # ਅੰਕ 21 | 18/07/2026 | www.samajweekly.com | samajweekly | @samajweekly | samajweekly


# ਚੋਣ ਕਮਿਸ਼ਨ ਨੂੰ ਨਾਗਰਿਕਤਾ ਨਿਰਧਾਰਤ ਕਰਨ ਦਾ ਕੋਈ ਅਧਿਕਾਰ ਨਹੀਂ ਹੈ: ਸੁਪਰੀਮ ਕੋਰਟ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਸ਼ੀ੍ਰ) ਵਿਵਾਦ 'ਤੇ ਇੱਕ ਮਹੱਤਵਪੂਰਨ ਅਤੇ ਮਹੱਤਵਪੂਰਨ ਫੈਸਲਾ ਸੁਣਾਇਆ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਚੋਣ ਕਮਿਸ਼ਨ ਨੂੰ ਕਿਸੇ ਵਿਅਕਤੀ ਦੀ ਨਾਗਰਿਕਤਾ ਨਿਰਧਾਰਤ ਕਰਨ ਦਾ ਕੋਈ ਸੰਵਿਧਾਨਕ ਅਧਿਕਾਰ ਨਹੀਂ ਹੈ। ਅਦਾਲਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਚੋਣ ਕਮਿਸ਼ਨ ਦਾ ਕੰਮ ਸਿਰਫ ਵੋਟਰ ਸੂਚੀ ਨੂੰ ਕੰਟਰੋਲ ਅਤੇ ਨਿਗਰਾਨੀ ਕਰਨਾ ਹੈ, ਨਾਗਰਿਕਤਾ ਦੇਣਾ ਜਾਂ ਖੋਹਣਾ ਨਹੀਂ। ਇਸ ਲਈ, ਜੇਕਰ ਕਿਸੇ ਦਾ ਨਾਮ ਵੋਟਰ ਸੂਚੀ ਵਿੱਚ ਨਹੀਂ ਹੈ, ਤਾਂ ਇਸਦਾ ਆਪਣੇ ਆਪ ਮਤਲਬ ਨਹੀਂ ਹੈ ਕਿ ਉਨ੍ਹਾਂ ਦੀ ਭਾਰਤੀ ਨਾਗਰਿਕਤਾ ਰੱਦ ਕਰ ਦਿੱਤੀ ਗਈ ਹੈ। ਇਸ ਨਿਰੀਖਣ ਦੇ ਨਾਲ, ਅਦਾਲਤ ਨੇ ਉਨ੍ਹਾਂ ਲੋਕਾਂ ਨੂੰ ਮਹੱਤਵਪੂਰਨ ਰਾਹਤ ਪ੍ਰਦਾਨ ਕੀਤੀ ਹੈ ਜਿਨ੍ਹਾਂ ਦੇ ਨਾਮ ਇਸ ਵਿਸ਼ੇਸ਼ ਮੁਹਿੰਮ ਦੇ ਤਹਿਤ ਸੂਚੀ ਵਿੱਚੋਂ ਹਟਾ ਦਿੱਤੇ ਗਏ ਹਨ।

**ਸਬੰਧਤ ਮੰਤਰਾਲਾ ਨਾਗਰਿਕਤਾ ਨਿਰਧਾਰਤ ਕਰੇਗਾ, ਕਾਨੂੰਨ ਵਿੱਚ ਕੋਈ ਉਲਝਣ ਨਹੀਂ ਹੈ।**

ਚੀਫ ਜਸਟਿਸ (ਛਝੀ) ਸੂਰਿਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਤਿੰਨ ਮੈਂਬਰੀ ਵਿਸ਼ੇਸ਼ ਬੈਂਚ ਇਸ ਸੰਵੇਦਨਸ਼ੀਲ ਮਾਮਲੇ ਦੀ ਸੁਣਵਾਈ ਕਰ ਰਹੀ ਹੈ। ਬੈਂਚ ਦਾ ਹਿੱਸਾ ਰਹੇ ਜਸਟਿਸ ਜੋਇਮਲਿਆ ਬਾਗਚੀ ਨੇ ਬਿਹਾਰ ਐਸਆਈਆਰ ਕੇਸ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਕਾਨੂੰਨੀ ਸਥਿਤੀ ਬਿਲਕੁਲ ਸਪੱਸ਼ਟ ਹੈ। ਜੇਕਰ ਕੋਈ ਅਪੀਲੀ ਟ੍ਰਿਬਿਊਨਲ ਕਿਸੇ ਵਿਅਕਤੀ ਦਾ ਨਾਮ ਐਸਆਈਆਰ ਸੂਚੀ ਵਿੱਚ ਸ਼ਾਮਲ ਨਾ ਕਰਨ ਦਾ ਫੈਸਲਾ ਕਰਦਾ ਹੈ, ਤਾਂ ਭਾਰਤੀ ਚੋਣ ਕਮਿਸ਼ਨ (ਈਸੀਆਈ) ਨੂੰ ਨਾਗਰਿਕਤਾ ਨਿਰਧਾਰਨ ਲਈ ਸਿੱਧੇ ਤੌਰ 'ਤੇ ਸਬੰਧਤ ਕੇਂਦਰੀ ਮੰਤਰਾਲੇ ਨੂੰ ਮਾਮਲਾ ਭੇਜਣਾ ਚਾਹੀਦਾ ਹੈ, ਕਿਉਂਕਿ ਕਮਿਸ਼ਨ ਕੋਲ ਅਜਿਹਾ ਕਰਨ ਦਾ ਅਧਿਕਾਰ ਨਹੀਂ ਹੈ।



**3.35 ਮਿਲੀਅਨ ਅਪੀਲਾਂ ਲੰਬਿਤ, ਰਾਸ਼ਨ ਅਤੇ ਸਰਕਾਰੀ ਯੋਜਨਾਵਾਂ ਤੋਂ ਬਾਹਰ ਰੱਖੇ ਗਏ ਲੋਕ**

ਸੁਣਵਾਈ ਦੌਰਾਨ, ਪਟੀਸ਼ਨਕਰਤਾ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣ ਨੇ ਅਦਾਲਤ ਨੂੰ ਹੈਰਾਨ ਕਰਨ ਵਾਲੇ ਅੰਕੜੇ ਅਤੇ ਜ਼ਮੀਨੀ ਹਕੀਕਤਾਂ ਪੇਸ਼ ਕੀਤੀਆਂ। ਉਨ੍ਹਾਂ ਦਲੀਲ ਦਿੱਤੀ ਕਿ ਰਾਜ ਵਿੱਚ ਲਗਭਗ 3.35 ਮਿਲੀਅਨ ਅਪੀਲਾਂ ਅਜੇ ਵੀ ਲੰਬਿਤ ਹਨ। ਅਪੀਲਾਂ ਦੇ ਇਸ ਬੈਕਲਾਗ ਕਾਰਨ ਗਰੀਬ ਸਭ ਤੋਂ ਵੱਧ ਪੀੜਤ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਵੋਟਰ ਸੂਚੀ ਵਿੱਚੋਂ ਨਾਮ ਹਟਾਏ ਜਾਣ ਜਾਂ ਅਪੀਲਾਂ ਲੰਬਿਤ ਹੋਣ ਦੇ ਬਹਾਨੇ, ਲੋਕਾਂ ਨੂੰ ਜ਼ਬਰਦਸਤੀ ਰਾਸ਼ਨ (ਪੀਡੀਐਸ), ਅੰਨਪੂਰਨਾ ਯੋਜਨਾ ਅਤੇ ਹੋਰ ਮਹੱਤਵਪੂਰਨ ਸਰਕਾਰੀ ਲਾਭਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ, ਜੋ ਕਿ ਪੂਰੀ ਤਰ੍ਹਾਂ ਗਲਤ ਹੈ।

**ਇੱਕ ਵੈਧ ਪਾਸਪੋਰਟ ਨੂੰ ਨਾਗਰਿਕਤਾ ਦਾ ਸਬੂਤ ਮੰਨਿਆ ਜਾਣਾ ਚਾਹੀਦਾ ਹੈ।**

ਸੀਨੀਅਰ ਵਕੀਲ ਸ਼ੰਕਰਨਾਰਾਇਣ ਨੇ ਟ੍ਰਿਬਿਊਨਲਾਂ ਦੇ ਕੰਮਕਾਜ 'ਤੇ ਵੀ ਸਵਾਲ ਉਠਾਉਂਦੇ ਹੋਏ ਕਿਹਾ ਕਿ ਸਿਸਟਮ ਕਾਫ਼ੀ ਦੇਰੀ ਅਤੇ ਅਸੰਗਤੀਆਂ ਨਾਲ ਗ੍ਰਸਤ ਹੈ। ਉਨ੍ਹਾਂ ਅਦਾਲਤ ਨੂੰ ਸੁਝਾਅ ਦਿੱਤਾ ਕਿ ਟ੍ਰਿਬਿਊਨਲਾਂ ਦੇ ਸਾਰੇ ਆਦੇਸ਼ਾਂ ਨੂੰ ਅਧਿਕਾਰਤ ਵੈੱਬਸਾਈਟ 'ਤੇ ਜਨਤਕ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪੂਰੀ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਇਆ ਜਾ ਸਕੇ। ਉਨ੍ਹਾਂ ਨੇ ਇੱਕ ਮਹੱਤਵਪੂਰਨ ਮੰਗ ਵੀ ਕੀਤੀ: ਭਾਰਤ ਸਰਕਾਰ ਦੁਆਰਾ ਜਾਰੀ ਕੀਤਾ ਗਿਆ ਇੱਕ ਵੈਧ ਪਾਸਪੋਰਟ ਰੱਖਣਾ ਨਾਗਰਿਕਤਾ ਦਾ ਕਾਫ਼ੀ ਅਤੇ ਨਿਸ਼ਚਿਤ ਸਬੂਤ ਮੰਨਿਆ ਜਾਣਾ ਚਾਹੀਦਾ ਹੈ।

**ਹਲਕਾ-ਵਾਰ ਡੇਟਾ ਜਨਤਕ ਕਰਨ ਦੀ ਮੰਗ, ਅਗਲੀ ਸੁਣਵਾਈ 25 ਅਗਸਤ ਨੂੰ**

ਸੁਪਰੀਮ ਕੋਰਟ ਇਸ ਸਮੇਂ ਪੱਛਮੀ ਬੰਗਾਲ ਵਿੱਚ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਸ਼ੀ੍ਰ) ਨਾਲ ਸਬੰਧਤ ਹਲਕਾ-ਵਾਰ ਡੇਟਾ ਦੇ ਜਨਤਕ ਖੁਲਾਸੇ ਦੀ ਮੰਗ ਕਰਨ ਵਾਲੀ ਇੱਕ ਜਨਹਿਤ ਪਟੀਸ਼ਨ 'ਤੇ ਵਿਚਾਰ ਕਰ ਰਹੀ ਹੈ। ਪਟੀਸ਼ਨਕਰਤਾ ਨੇ ਮੰਗ ਕੀਤੀ ਹੈ ਕਿ ਹਰੇਕ ਵਿਧਾਨ ਸਭਾ ਹਲਕੇ ਲਈ ਫਾਰਮ 6 ਅਤੇ ਫਾਰਮ 7 ਦੇ ਤਹਿਤ ਦਾਇਰ, ਸਵੀਕਾਰ ਕੀਤੇ ਜਾਂ ਰੱਦ ਕੀਤੇ ਗਏ ਅਰਜ਼ੀਆਂ ਦਾ ਪੂਰਾ ਡੇਟਾ ਜਨਤਕ ਕੀਤਾ ਜਾਵੇ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਸੁਪਰੀਮ ਕੋਰਟ ਪਟੀਸ਼ਨ 'ਤੇ ਵਿਸਤ੍ਰਿਤ ਸੁਣਵਾਈ ਲਈ ਸਹਿਮਤ ਹੋ ਗਈ ਹੈ। ਹੁਣ ਇਸ ਹਾਈ-ਪ੍ਰੋਫਾਈਲ ਕੇਸ ਦੀ ਅਗਲੀ ਸੁਣਵਾਈ 25 ਅਗਸਤ ਨੂੰ ਹੋਵੇਗੀ।

# ਅੰਮ੍ਰਿਤਸਰ ਵਿੱਚ ਪ੍ਰੇਮੀ ਨੂੰ ਘਰ ਬੁਲਾ ਕੇ ਜ਼ਿੰਦਾ ਸਾੜਿਆ, ਮੁੰਡੇ ਦੇ ਵਿਆਹ ਬਾਰੇ ਪਤਾ ਲੱਗਣ 'ਤੇ ਦਿੱਤਾ ਵਾਰਦਾਤ ਨੂੰ ਅੰਜਾਮ

**ਅੰਮ੍ਰਿਤਸਰ।** ਅੰਮ੍ਰਿਤਸਰ ਵਿਚ ਇੱਕ ਔਰਤ ਨੇ ਆਪਣੇ ਚਚੇਰੇ ਭਰਾ ਨਾਲ ਮਿਲ ਕੇ ਆਪਣੇ ਪ੍ਰੇਮੀ ਨੂੰ ਜਿਉਂਦਾ ਸਾੜ ਦਿੱਤਾ। ਪ੍ਰੇਮੀ ਦੇ ਵਿਆਹ ਬਾਰੇ ਪਤਾ ਲੱਗਣ 'ਤੇ, ਉਸ ਨੇ ਪ੍ਰੇਮੀ ਨੂੰ ਮੁਲਾਕਾਤ ਦੇ ਬਹਾਨੇ ਆਪਣੇ ਘਰ ਬੁਲਾਇਆ ਅਤੇ ਕਮਰੇ ਦੇ ਅੰਦਰ ਉਸ 'ਤੇ ਪੈਟਰੋਲ ਪਾ ਦਿੱਤਾ। ਜਦੋਂ ਅੱਗ ਲੱਗੀ ਤਾਂ ਗੁੱਸੇ ਵਿੱਚ ਆਏ ਪ੍ਰੇਮੀ ਨੇ ਪ੍ਰੇਮਿਕਾ ਤੇ ਉਸ ਦੇ ਭਰਾ ਨੂੰ ਆਪਣੇ ਵੱਲ ਖਿੱਚ ਲਿਆ, ਜਿਸ ਕਾਰਨ ਪ੍ਰੇਮਿਕਾ ਅਤੇ ਉਸ ਦਾ ਚਚੇਰਾ ਭਰਾ ਵੀ ਝੁਲਸ ਗਏ। ਦੋਵਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ; ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਬਾਹਰ ਜਵਾਨ ਤਾਇਨਾਤ ਕਰ ਦਿੱਤੇ ਹਨ।ਮਜੀਠਾ ਥਾਣੇ ਦੇ ਐਸ.ਐਚ.ਓ. ਕਰਮਪਾਲ ਸਿੰਘ ਨੇ ਪੁਸ਼ਟੀ ਕੀਤੀ ਹੈ ਕਿ ਹਸਪਤਾਲ ਵਿੱਚ ਦਾਖਲ ਕਰਵਾਏ ਗਏ ਨੌਜਵਾਨ ਅਤੇ ਔਰਤ ਨੇ ਅਪਰਾਧ ਕਬੂਲ ਕਰ ਲਿਆ ਹੈ। ਮਾਮਲੇ ਦੀ ਜਾਂਚ ਚੱਲ ਰਹੀ ਹੈ ਅਤੇ ਕਤਲ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ; ਪੁਲਿਸ ਜਲਦੀ ਹੀ ਵੇਰਵੇ ਜਾਰੀ ਕਰੇਗੀ।

ਮਜੀਠਾ ਪੁਲਿਸ ਸਟੇਸ਼ਨ ਦੇ ਐਸ.ਐਚ.ਓ. ਕਰਮਪਾਲ ਸਿੰਘ ਨੇ ਦੱਸਿਆ ਕਿ ਇੱਕ ਲੜਕੀ ਨੇ ਬਾਲ ਖੁਰਦ ਪਿੰਡ ਦੇ ਵਸਨੀਕ ਸੰਦੀਪ ਸਿੰਘ ਨੂੰ ਆਪਣੇ ਘਰ ਬੁਲਾਇਆ, ਜਿੱਥੇ ਉਸ ਨੇ ਅਤੇ ਉਸ ਦੇ ਚਚੇਰੇ ਭਰਾ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਸੰਦੀਪ ਅਤੇ ਉਕਤ ਮੁਟਿਆਰ ਪਹਿਲਾਂ ਤੋਂ ਹੀ ਇੱਕ-ਦੂਜੇ ਨੂੰ ਜਾਣਦੇ ਸਨ ਅਤੇ ਉਨ੍ਹਾਂ ਵਿਚਕਾਰ ਪ੍ਰੇਮ ਸਬੰਧ ਸਨ; ਉਹ ਪਹਿਲਾਂ ਇਕੱਠੇ ਕੰਮ ਵੀ ਕਰ ਚੁੱਕੇ ਸਨ। ਨੌਜਵਾਨ ਦਾ ਵਿਆਹ ਕਰੀਬ ਦੋ ਮਹੀਨੇ ਪਹਿਲਾਂ ਹੀ ਹੋਇਆ ਸੀ। ਇਹ ਗੱਲ ਪਤਾ ਲੱਗਣ 'ਤੇ ਲੜਕੀ ਨੇ ਉਸ ਨੂੰ ਆਪਣੇ ਘਰ ਬੁਲਾਇਆ ਸੀ।

ਪੁਲਿਸ ਅਨੁਸਾਰ, ਸੰਦੀਪ ਸਿੰਘ ਬੁੱਧਵਾਰ ਨੂੰ ਮਜੀਠਾ ਵਿਖੇ ਆਪਣੀ ਪ੍ਰੇਮਿਕਾ ਦੇ ਘਰ ਮੋਟਰਸਾਈਕਲ 'ਤੇ ਪਹੁੰਚਿਆ। ਉਸ ਨੇ ਉਸ ਲੜਕੀ ਨੂੰ ਬਾਹਰ ਬੁਲਾਇਆ ਅਤੇ ਉਸ ਨਾਲ ਗੱਲਬਾਤ ਕਰਨ ਲੱਗਿਆ। ਹਾਲਾਂਕਿ, ਥੋੜ੍ਹੀ ਜਿਹੀ ਗੱਲਬਾਤ ਤੋਂ ਬਾਅਦ ਦੋਵਾਂ ਵਿਚਕਾਰ ਬਹਿਸ ਹੋ ਗਈ, ਜਿਸ ਕਾਰਨ ਹੰਗਾਮਾ ਹੋ ਗਿਆ। ਪੁਲਿਸ ਅਨੁਸਾਰ, ਉਸ ਨੌਜਵਾਨ ਔਰਤ ਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਮਿਲ ਕੇ ਸੰਦੀਪ 'ਤੇ ਪੈਟਰੋਲ ਪਾ ਦਿੱਤਾ। ਫਿਰ,



ਗੁੱਸੇ ਵਿੱਚ ਆ ਕੇ ਉਸ ਨੇ ਅਤੇ ਉਸ ਦੇ ਚਚੇਰੇ ਭਰਾ ਨੇ ਸੰਦੀਪ ਨੂੰ ਅੱਗ ਲਗਾ ਦਿੱਤੀ। ਅੱਗ ਦੀਆਂ ਲਪਟਾਂ ਨਾਲ ਘਿਰੇ ਹੋਏ ਸੰਦੀਪ ਨੇ ਲੜਕੀ ਨੂੰ ਫੜ ਲਿਆ, ਜਿਸ ਕਾਰਨ ਉਸ ਨੂੰ ਵੀ ਅੱਗ ਲੱਗਣ ਨਾਲ ਝੁਲਸ ਗਈ। ਉਸ ਦੇ ਚਚੇਰੇ ਭਰਾ, ਹਰਪਾਲ ਸਿੰਘ ਨੇ ਤੁਰੰਤ ਅੱਗੇ ਵਧ ਕੇ ਭੈਣ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਉਸ ਪਰ ਇਸ ਦੌਰਾਨ ਉਹ ਖੁਦ ਵੀ ਅੱਗ ਦੀਆਂ ਲਪਟਾਂ ਦੀ ਲਪੇਟ ਵਿੱਚ ਆ ਗਿਆ ਅਤੇ ਬੁਰੀ ਤਰ੍ਹਾਂ ਝੁਲਸ ਗਿਆ। ਘਟਨਾ ਤੋਂ ਬਾਅਦ ਮੌਕੇ 'ਤੇ ਹਫੜਾ-ਦਫੜੀ ਮੱਚ ਗਈ। ਸਥਾਨਕ ਲੋਕਾਂ ਨੇ ਤੁਰੰਤ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਅਤੇ ਪੁਲਿਸ ਤੇ ਐਂਬੂਲੈਂਸ ਸੇਵਾਵਾਂ ਨੂੰ ਸੂਚਿਤ ਕੀਤਾ। ਹਾਲਾਂਕਿ, ਸੰਦੀਪ ਦੀ ਮੌਕੇ 'ਤੇ ਹੀ ਮੌਤ ਹੋ ਚੁੱਕੀ ਸੀ। ਇਸ ਦੌਰਾਨ, ਗੰਭੀਰ ਰੂਪ ਵਿੱਚ ਝੁਲਸੀ ਲੜਕੀ ਅਤੇ ਉਸਦੇ ਚਚੇਰੇ ਭਰਾ ਹਰਪਾਲ ਸਿੰਘ ਨੂੰ ਤੁਰੰਤ ਅੰਮ੍ਰਿਤਸਰ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ। ਮਜੀਠਾ ਥਾਣੇ ਦੇ ਐਸ.ਐਚ.ਓ. ਕਰਮਪਾਲ ਸਿੰਘ ਨੇ ਫੋਨ 'ਤੇ ਦੱਸਿਆ ਕਿ ਭੈਣ ਭਰਾ ਨੇ ਨੌਜਵਾਨ ਨੂੰ ਅੱਗ ਲਗਾ ਦਿੱਤੀ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪਰਿਵਾਰ ਵੱਲੋਂ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਰਾਜਵਿੰਦਰ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੇ ਸਬੰਧ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਲੜਕੀ ਅਜੇ ਵੀ ਹਸਪਤਾਲ ਵਿੱਚ ਦਾਖ਼ਲ ਹੈ, ਇਸ ਲਈ ਉਸ ਦਾ ਬਿਆਨ ਅਜੇ ਤੱਕ ਦਰਜ ਨਹੀਂ ਕੀਤਾ ਜਾ ਸਕਿਆ।

# ਹੋਰਮੂਜ਼ ਵਿੱਚ ਭਾਰਤੀ ਨਾਵਿਕਾਂ ਦੀ ਤਾਇਨਾਤੀ 'ਤੇ ਰੋਕ, ਸਰਕਾਰ ਨੇ ਜਾਰੀ ਕੀਤੇ ਹੁਕਮ

## ਹੁਣ ਤੱਕ ਹੋਏ ਹਮਲਿਆਂ 'ਚ 14 ਭਾਰਤੀਆਂ ਦੀ ਮੌਤ ਤੋਂ ਬਾਅਦ ਲਿਆ ਫ਼ੈਸਲਾ

**ਤੇਲ ਅਵੀਵ :** ਖਾੜੀ ਖੇਤਰ ਵਿੱਚ ਵਧਦੇ ਸੁਰੱਖਿਆ ਖਤਰੇ ਨੂੰ ਦੇਖਦੇ ਹੋਏ ਭਾਰਤ ਨੇ ਅਗਲੇ ਹੁਕਮਾਂ ਤੱਕ ਹੋਰਮੂਜ਼ ਸਟ੍ਰੇਟ ਤੋਂ ਲੰਘਣ ਵਾਲੇ ਜਹਾਜ਼ਾਂ 'ਤੇ ਭਾਰਤੀ ਨਾਵਿਕਾਂ ਦੀ ਨਵੀਂ ਤਾਇਨਾਤੀ 'ਤੇ ਰੋਕ ਲਗਾ ਦਿੱਤੀ ਹੈ। ਇਹ ਹੁਕਮ ਜਹਾਜ਼ ਮਾਲਕਾਂ, ਜਹਾਜ਼ ਪ੍ਰਬੰਧਨ ਕੰਪਨੀਆਂ ਅਤੇ ਨਾਵਿਕਾਂ ਦੀ ਭਰਤੀ ਕਰਨ ਵਾਲੀਆਂ ਰਿਕਰੂਟਮੈਂਟ ਐਂਡ ਪਲੇਸਮੈਂਟ ਸਰਵਿਸ ਲਾਇਸੈਂਸ ਕੰਪਨੀਆਂ 'ਤੇ ਲਾਗੂ ਹੋਵੇਗਾ। ਸਰਕਾਰ ਨੇ ਸਾਰੀਆਂ ਸਮੁੰਦਰੀ ਕੰਪਨੀਆਂ ਨੂੰ ਅਰਬ ਦੀ ਖਾੜੀ, ਹੋਰਮੂਜ਼ ਸਟ੍ਰੇਟ ਅਤੇ ਆਲੇ-ਦੁਆਲੇ ਦੇ ਸਮੁੰਦਰੀ ਇਲਾਕਿਆਂ ਵਿੱਚ ਵਾਧੂ ਚੌਕਸੀ ਵਰਤਣ ਦੇ ਨਿਰਦੇਸ਼ ਦਿੱਤੇ ਹਨ । ਇਸ ਦੇ ਨਾਲ ਹੀ ਕਿਹਾ ਗਿਆ ਹੈ ਕਿ ਉਹ ਸਮੁੰਦਰੀ ਸਫ਼ਰ ਸਬੰਧੀ ਸਾਰੀਆਂ ਚੇਤਾਵਨੀਆਂ ਅਤੇ ਸੁਰੱਖਿਆ ਸਲਾਹਾਂ 'ਤੇ ਲਗਾਤਾਰ ਨਜ਼ਰ



ਰੱਖਣ ਅਤੇ ਇੰਟਰਨੈਸ਼ਨਲ ਸ਼ਿਪ ਐਂਡ ਪੋਰਟ ਫੈਸਿਲਿਟੀ ਸਕਿਓਰਿਟੀ ਕੋਡ ਦੀ ਪੂਰੀ ਤਰ੍ਹਾਂ ਪਾਲਣਾ ਕਰਨ। ਸਰਕਾਰ ਦਾ ਇਹ ਫ਼ੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਇਸੇ ਹਫ਼ਤੇ ਹੋਰਮੂਜ਼ ਸਟ੍ਰੇਟ ਅਤੇ ਉਸ ਦੇ ਆਲੇ-ਦੁਆਲੇ ਹੋਏ ਇਰਾਨੀ ਹਮਲਿਆਂ ਵਿੱਚ ਦੋ ਭਾਰਤੀ ਨਾਵਿਕਾਂ ਦੀ ਮੌਤ ਹੋ ਗਈ । ਅਮਰੀਕਾ-ਇਰਾਨ ਟਕਰਾਅ ਤੋਂ ਬਾਅਦ ਇਸ ਸਮੁੰਦਰੀ ਰਸਤੇ 'ਤੇ ਹਮਲਿਆਂ ਦਾ ਖ਼ਤਰਾ ਵਧ ਗਿਆ ਹੈ । ਰਿਪੋਰਟਾਂ ਅਨੁਸਾਰ 28 ਫਰਵਰੀ ਤੋਂ ਹੁਣ ਤੱਕ ਇਸ ਖੇਤਰ ਵਿੱਚ ਹੋਏ ਹਮਲਿਆਂ ਵਿੱਚ ਘੱਟੋ-ਘੱਟ 14 ਭਾਰਤੀ ਨਾਵਿਕਾਂ ਦੀ ਜਾਨ ਜਾ ਚੁੱਕੀ ਹੈ। ਜਦਕਿ ਵਿਦੇਸ਼ੀ ਸ਼ਿਪਿੰਗ ਕੰਪਨੀਆਂ ਭਾਰਤ ਤੋਂ ਬਾਹਰੋਂ ਨਾਵਿਕਾਂ ਦੀ ਭਰਤੀ ਕਰਦੀਆਂ ਹਨ, ਤਾਂ ਭਾਰਤ ਸਰਕਾਰ ਦਾ ਇਹ ਹੁਕਮ ਉਨ੍ਹਾਂ 'ਤੇ ਸਿੱਧੇ ਤੌਰ 'ਤੇ ਲਾਗੂ ਨਹੀਂ ਹੋਵੇਗਾ।

# ਜਹਾਜ਼ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਫਰਜ਼ੀ ਨਿਕਲੀ

**ਬੰਗਲੁਰੂ।** ਬੰਗਲੁਰੂ ਦੇ ਕੈਂਪੇਗੌੜਾ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਅਹਿਮਦਾਬਾਦ ਜਾਣ ਵਾਲੀ ਇੰਡੀਗੋ ਦੀ ਇੱਕ ਉਡਾਣ ਵਿੱਚ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਅੱਜ ਇੱਕ ਐਫਆਈਆਰ ਦਰਜ ਕੀਤੀ ਗਈ। ਪੁਲੀਸ ਨੇ ਦੱਸਿਆ ਕਿ ਜਾਂਚ ਦੌਰਾਨ ਬੰਬ ਦੀ ਧਮਕੀ ਫਰਜ਼ੀ ਨਿਕਲੀ। ਪੁਲੀਸ ਦੇ ਅਨੁਸਾਰ, ਇੰਡੀਗੋ ਦੀ ਉਡਾਣ ਬੀਤੀ ਰਾਤ 8 ਵਜੇ ਬੰਗਲੁਰੂ ਤੋਂ ਰਵਾਨਾ ਹੋਣ ਵਾਲੀ ਸੀ। ਪ੍ਰਾਪਤ ਜਾਣਕਾਰੀ ਮੁਤਾਬਕ ਸ਼ਾਮ 7:35 ਵਜੇ ਦੇ ਕਰੀਬ ਉਡਾਣ ਦੇ ਨਿਰਧਾਰਤ ਰਵਾਨਗੀ ਤੋਂ ਥੋੜ੍ਹੀ ਦੇਰ ਪਹਿਲਾਂ ਇੱਕ ਚਾਲਕ ਦਲ ਦੇ ਮੈਂਬਰ ਨੂੰ ਜਹਾਜ਼ ਦੇ ਸਾਹਮਣੇ ਵਾਲੇ ਟਾਇਲਟ ਵਿੱਚ ਇੱਕ ਹੱਥ ਲਿਖਤ ਨੋਟ ਮਿਲਿਆ, ਜਿਸ ਵਿੱਚ ਲਿਖਿਆ ਸੀ ਕਿ ਨਾ ਜਾਓ।




ਕਿਰਪਾ ਕਰਕੇ ਉੱਥੇ ਬੰਬ ਹੈ। ਸੂਚਨਾ ਮਿਲਣ ਤੇ ਹਵਾਬਾਜ਼ੀ ਸੁਰੱਖਿਆ ਮਿਆਰੀ ਸੰਚਾਲਨ ਪ੍ਰਕਿਰਿਆਵਾਂ ਦੇ ਅਨੁਸਾਰ ਤੁਰੰਤ ਕਾਰਵਾਈ ਕੀਤੀ ਗਈ ਅਤੇ ਜਹਾਜ਼ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਗਈ। ਹਾਲਾਂਕਿ, ਜਾਂਚ ਦੌਰਾਨ ਕੋਈ ਸ਼ੱਕੀ ਵਸਤੂ ਨਹੀਂ ਮਿਲੀ। ਹਵਾਈ ਅੱਡੇ ਦੇ ਪੁਲੀਸ ਸਟੇਸ਼ਨ ਵਿੱਚ ਦਰਜ ਕੀਤੀ ਗਈ ਸ਼ਿਕਾਇਤ ਵਿੱਚ ਇੰਡੀਗੋ ਨੇ ਕਿਹਾ ਕਿ ਧਮਕੀ ਨੇ ਉਡਾਣ ਸੰਚਾਲਨ ਵਿੱਚ ਵਿਘਨ ਪਾਇਆ ਅਤੇ ਯਾਤਰੀਆਂ, ਚਾਲਕ ਦਲ ਅਤੇ ਏਅਰਲਾਈਨ ਦੀ ਸੁਰੱਖਿਆ ਬਾਰੇ ਗੰਭੀਰ ਚਿੰਤਾਵਾਂ ਪੈਦਾ ਕੀਤੀਆਂ। ਏਅਰਲਾਈਨ ਨੇ ਸ਼ਿਕਾਇਤ ਵਿੱਚ ਬੇਨਤੀ ਕੀਤੀ ਹੈ ਕਿ ਧਮਕੀ ਦੇਣ ਵਾਲੇ ਵਿਅਕਤੀ ਦੀ ਪਛਾਣ ਅਤੇ ਉਨ੍ਹਾਂ ਵਿਰੁੱਧ ਢੁਕਵੀਂ ਕਾਨੂੰਨੀ ਕਾਰਵਾਈ ਕਰਨ ਲਈ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਸ਼ਿਕਾਇਤ ਦੇ ਆਧਾਰ ਤੇ ਪੁਲੀਸ ਨੇ ਐਫਆਈਆਰ ਦਰਜ ਕਰਕੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਧਮਕੀ ਦੇਣ ਵਾਲੇ ਵਿਅਕਤੀ ਦੀ ਪਛਾਣ ਕਰਨ ਅਤੇ ਉਸਦੇ ਮਕਸਦ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਕੇਤਨ ਅਗਰਵਾਲ ਹੱਤਿਆਕਾਂਡ: ਪਿਤਾ ਨੇ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦੇਣ ਅਤੇ ਜਲਦੀ ਇਨਸਾਫ਼ ਦੀ ਕੀਤੀ ਮੰਗ



**ਪੁਣੇ:** ਪੁਣੇ ਦੇ ਰੀਅਲ ਅਸਟੇਟ ਕਾਰੋਬਾਰੀ ਕੇਤਨ ਅਗਰਵਾਲ (ਜਿਨ੍ਹਾਂ ਦੀ ਕਥਿਤ ਤੌਰ 'ਤੇ ਹੱਤਿਆ ਕਰ ਦਿੱਤੀ ਗਈ ਸੀ) ਦੇ ਪਿਤਾ ਨੇ ਸ਼ੁੱਕਰਵਾਰ ਨੂੰ ਮਾਮਲੇ ਦੀ ਸੁਣਵਾਈ ਫਾਸਟ ਟਰੈਕ ਅਦਾਲਤ ਵਿੱਚ ਕਰਵਾਉਣ ਦੀ ਮੰਗ ਕੀਤੀ, ਤਾਂ ਜੋ ਪਰਿਵਾਰ ਨੂੰ ਜਲਦੀ ਇਨਸਾਫ਼ ਮਿਲ ਸਕੇ। ਉਨ੍ਹਾਂ ਨੇ ਇਸ ਹੱਤਿਆਕਾਂਡ ਵਿੱਚ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੇ ਜਾਣ ਦੀ ਵੀ ਮੰਗ ਕੀਤੀ। ਕੇਤਨ ਅਗਰਵਾਲ ਦੀ ਮੰਗੇਤਰ ਸਿਆ ਗੋਇਲ (20) ਅਤੇ ਉਸ ਦੇ ਪ੍ਰੇਮੀ ਚੇਤਨ ਚੌਧਰੀ (22) 'ਤੇ ਦੋਸ਼ ਹੈ ਕਿ ਉਨ੍ਹਾਂ ਨੇ 18 ਜੂਨ ਨੂੰ ਪੁਣੇ ਜ਼ਿਲ੍ਹੇ ਦੇ ਲੋਹਗੜ੍ਹ ਕਿਲ੍ਹੇ ਦੀ ਇੱਕ ਚਟਾਨ ਤੋਂ 26 ਸਾਲ ਦੇ ਰੀਅਲ ਅਸਟੇਟ ਕਾਰੋਬਾਰੀ ਨੂੰ ਧੱਕਾ ਦੇ ਕੇ ਮਾਰ ਦਿੱਤਾ। ਇਹ ਕਿਲ੍ਹਾ ਸੈਲਾਨੀਆਂ ਅਤੇ ਟ੍ਰੈਕਰਾਂ ਵਿੱਚ ਇੱਕ ਪ੍ਰਸਿੱਧ ਅਤੇ ਖ਼ੂਬਸੂਰਤ ਜਗ੍ਹਾ ਹੈ। ਇਸ ਬਹੁਚਰਚਿਤ ਹੱਤਿਆਕਾਂਡ ਨੇ ਦੇਸ਼ ਭਰ ਦਾ ਧਿਆਨ ਖਿੱਚਿਆ ਹੈ। ਮਾਮਲੇ ਦੀ ਪੁਲਿਸ ਜਾਂਚ ਦੀ ਗਤੀ ਅਤੇ ਦਿਸ਼ਾ 'ਤੇ ਸੰਤੁਸ਼ਟੀ ਪ੍ਰਗਟ ਕਰਦੇ ਹੋਏ ਕੇਤਨ ਦੇ ਪਿਤਾ ਵਿਸ਼ਾਲ ਅਗਰਵਾਲ ਨੇ ਜਲਦੀ ਇਨਸਾਫ਼ ਦੀ ਮੰਗ ਕੀਤੀ। ਉਨ੍ਹਾਂ ਨੇ ਇੱਥੇ ਪੱਤਰਕਾਰਾਂ ਨੂੰ ਕਿਹਾ, "ਮੇਰੇ ਪੁੱਤਰ ਨੂੰ ਜਲਦੀ ਤੋਂ ਜਲਦੀ ਇਨਸਾਫ਼ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਵੱਧ ਤੋਂ ਵੱਧ ਸਜ਼ਾ ਮਿਲਣੀ ਚਾਹੀਦੀ ਹੈ। ਜਾਂਚ ਸਹੀ ਦਿਸ਼ਾ ਵਿੱਚ ਚੱਲ ਰਹੀ ਹੈ ਅਤੇ ਮਾਮਲੇ ਦੀ ਸੁਣਵਾਈ ਫਾਸਟ ਟਰੈਕ ਅਦਾਲਤ ਵਿੱਚ ਹੋਣੀ ਚਾਹੀਦੀ ਹੈ।" ਮੁਲਜ਼ਮ ਸਿਆ ਗੋਇਲ ਅਤੇ ਚੇਤਨ ਚੌਧਰੀ ਦੇ ਪਹਿਲਾਂ ਤੋਂ ਹੀ ਸ਼ਾਦੀਸ਼ੁਦਾ ਹੋਣ ਸਬੰਧੀ ਖ਼ਬਰਾਂ 'ਤੇ ਵਿਸ਼ਾਲ ਅਗਰਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਅਤੇ ਉਨ੍ਹਾਂ ਨੇ ਵੀ ਇਸ ਬਾਰੇ ਮੀਡੀਆ ਰਾਹੀਂ ਹੀ ਪੜ੍ਹਿਆ ਹੈ। ਸਿਆ ਗੋਇਲ ਅਤੇ ਚੇਤਨ ਚੌਧਰੀ ਨੂੰ 23 ਜੂਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦੋਵੇਂ ਫਿਲਹਾਲ ਨਿਆਇਕ ਹਿਰਾਸਤ ਵਿੱਚ ਜੇਲ੍ਹ ਵਿੱਚ ਹਨ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਚੜ੍ਹਦੀ ਸਵੇਰ ਟਰੇਨ ਦੀ ਲਪੇਟ 'ਚ ਆਈ ਸਕੂਲ ਵੈਨ, ਦੋ ਬੱਚਿਆਂ ਸਮੇਤ ਤਿੰਨ ਦੀ ਮੌਤ

**ਮੁਰਸ਼ਿਦਾਬਾਦ।** ਮੁਰਸ਼ਿਦਾਬਾਦ ਜ਼ਿਲ੍ਹੇ ਵਿਚ ਤਿੰਨ ਲੋਕਾਂ ਦੀ ਰੇਲ ਹਾਦਸੇ ਵਿਚ ਮੌਤ ਹੋ ਗਈ। ਵਿਦਿਆਰਥੀਆਂ ਨੂੰ ਲੈ ਕੇ ਜਾ ਰਹੀ ਇਕ ਸਕੂਲ ਵੈਨ ਨੂੰ ਬਹਿਰਾਮਪੁਰ ਇਲਾਕੇ ਵਿਚ ਇਕ ਤੇਜ਼ ਰਫ਼ਤਾਰ ਰੇਲਗੱਡੀ ਨੇ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਦੋ ਸਕੂਲੀ ਬੱਚੇ ਅਤੇ ਇਕ ਸਾਈਕਲ ਸਵਾਰ ਦੀ ਮੌਤ ਹੋ ਗਈ, ਜਦੋਂ ਕਿ ਕਈ ਹੋਰ ਜ਼ਖ਼ਮੀ ਹੋ ਗਏ। ਇਸ ਹਾਦਸੇ ਨੇ ਰੇਲਵੇ ਗੇਟਕੀਪਰ ਦੀ ਭੂਮਿਕਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਇਹ ਹਾਦਸਾ ਸਵੇਰੇ 7 ਵਜੇ ਦੇ ਕਰੀਬ ਕਰਨਸੁਬਰਨਾ ਅਤੇ ਗੋਵਿੰਦਪੁਰ ਰੇਲਵੇ ਸਟੇਸ਼ਨਾਂ ਵਿਚਕਾਰ ਇਕ ਰੇਲਵੇ ਕਰਾਸਿੰਗ 'ਤੇ ਵਾਪਰਿਆ। ਸਕੂਲ ਵੈਨ ਫਾਟਕ ਪਾਰ ਕਰ ਰਹੀ ਸੀ ਉਦੋਂ ਹੀ ਨਿਮਿਤਾ-ਕਟਵਾ ਯਾਤਰੀ ਰੇਲਗੱਡੀ ਤੇਜ਼ ਰਫ਼ਤਾਰ ਨਾਲ ਆਈ ਅਤੇ ਵੈਨ ਨਾਲ ਟਕਰਾ ਗਈ। ਟੱਕਰ ਇੰਨੀ ਜ਼ਿਆਦਾ ਸੀ ਕਿ ਸਕੂਲ ਵੈਨ ਪੂਰੀ ਤਰ੍ਹਾਂ ਨੁਕਸਾਨੀ ਗਈ।

ਇੱਕ ਪੁਲਿਸ ਅਧਿਕਾਰੀ ਅਨੁਸਾਰ, ਜਦੋਂ ਐਕਸਪ੍ਰੈਸ ਰੇਲਗੱਡੀ ਲੰਘੀ ਤਾਂ ਰੇਲਵੇ ਕਰਾਸਿੰਗ ਬੰਦ ਸੀ। ਹਾਲਾਂਕਿ, ਇਸ ਤੋਂ ਤੁਰੰਤ ਬਾਅਦ ਹੀ ਫਾਟਕ ਖੋਲ੍ਹ ਦਿੱਤੇ ਗਏ ਜਦੋਂ ਕਿ ਉਥੋਂ ਯਾਤਰੀ ਗੱਡੀ ਵਾਲੀ ਲੱਗਣ ਵਾਲੀ ਸੀ। ਪਰ ਫਾਟਕ ਖੁੱਲ੍ਹਾ ਦੇਖ ਕੇ, ਸਕੂਲ ਵੈਨ ਦੇ ਡਰਾਈਵਰ ਨੇ ਪਟੜੀ ਪਾਰ ਕਰਨ ਦੀ



ਕੋਸ਼ਿਸ਼ ਕੀਤੀ। ਇਸੇ ਦੌਰਾਨ, ਇੱਕ ਸਾਈਕਲ ਸਵਾਰ ਵੀ ਰੇਲਵੇ ਲਾਈਨਾਂ ਪਾਰ ਕਰਨ ਲੱਗਿਆ। ਠੀਕ ਉਸੇ ਵੇਲੇ, ਤੇਜ਼ ਰਫ਼ਤਾਰ ਨਿਮਟੀਆ-ਕਟਵਾ ਲੋਕਲ ਰੇਲਗੱਡੀ ਨੇ ਸਕੂਲ ਵੈਨ ਨੂੰ ਜ਼ਬਰਦਸਤ ਟੱਕਰ ਮਾਰੀ, ਜਿਸ ਨਾਲ ਵੈਨ ਪੂਰੀ ਤਰ੍ਹਾਂ ਚਕਨਾਚੂਰ ਹੋ ਗਈ ਅਤੇ ਬੱਚੇ ਅੰਦਰ ਹੀ ਫਸ ਗਏ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਮੈਂ ਕਿਸੇ ਵੀ ਕੀਮਤ 'ਤੇ 20 ਜੁਲਾਈ ਤੱਕ ਜ਼ਿੰਦਾ ਰਹਾਂਗਾ : ਵਾਂਗਚੁਕ

## ਡਾਕਟਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਉਨ੍ਹਾਂ ਦੀ ਲੰਮੀ ਭੁੱਖ ਹੜਤਾਲ ਹੁਣ ਇੱਕ ਨਾਜ਼ੁਕ ਪੜਾਅ 'ਤੇ ਪਹੁੰਚ ਗਈ ਹੈ

**ਨਵੀਂ ਦਿੱਲੀ:** ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ "ਕਿਸੇ ਵੀ ਕੀਮਤ 'ਤੇ 20 ਜੁਲਾਈ ਤੱਕ ਜ਼ਿੰਦਾ ਰਹਾਂਗੇ।" ਅੱਜ ਉਨ੍ਹਾਂ ਦੀ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਦਾ 20ਵਾਂ ਦਿਨ ਹੈ, ਅਤੇ ਡਾਕਟਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਉਨ੍ਹਾਂ ਦੀ ਲੰਮੀ ਭੁੱਖ ਹੜਤਾਲ ਹੁਣ ਇੱਕ ਨਾਜ਼ੁਕ ਪੜਾਅ 'ਤੇ ਪਹੁੰਚ ਗਈ ਹੈ।
ਕਥਿਤ ਪ੍ਰੀਖਿਆ ਬੇਨਿਯਮੀਆਂ ਨੂੰ ਲੈ ਕੇ ਜੰਤਰ-ਮੰਤਰ 'ਤੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦਾ ਵਿਰੋਧ ਪ੍ਰਦਰਸ਼ਨ ਆਪਣੇ 28ਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਕਾਂਗਰਸ ਨੇਤਾ ਪਵਨ ਖੇੜਾ ਨੇ ਅੱਜ ਵਾਂਗਚੁਕ ਅਤੇ ਹੋਰ ਪ੍ਰਦਰਸ਼ਨਕਾਰੀਆਂ ਨਾਲ ਮੁਲਾਕਾਤ ਕੀਤੀ। ਵਿਰੋਧ ਸਥਾਨ 'ਤੇ ਸਮਰਥਕਾਂ ਨੂੰ ਸੰਬੋਧਨ ਕਰਦੇ ਹੋਏ, ਵਾਂਗਚੁਕ ਨੇ ਉਨ੍ਹਾਂ ਦੀ ਵਿਗੜਦੀ ਸਰੀਰਕ ਸਥਿਤੀ ਨੂੰ ਸਵੀਕਾਰ ਕੀਤਾ ਪਰ ਕਿਹਾ ਕਿ ਉਨ੍ਹਾਂ ਦਾ ਇਰਾਦਾ ਅਟੱਲ ਹੈ। ਉਨ੍ਹਾਂ ਕਿਹਾ, "ਮੈਂ ਬਾਹਰੋਂ ਕਮਜ਼ੋਰ ਹਾਂ, ਪਰ ਅੰਦਰੋਂ ਬਹੁਤ ਮਜ਼ਬੂਤ ਹਾਂ। ਮੈਨੂੰ ਯਕੀਨ ਹੈ ਕਿ ਤੁਸੀਂ ਸਾਰੇ ਅੰਦਰੋਂ ਅਤੇ ਬਾਹਰੋਂ ਮਜ਼ਬੂਤ ਹੋ। ਸਾਨੂੰ 20 ਜੁਲਾਈ ਲਈ ਇਸ ਊਰਜਾ ਦੀ ਲੋੜ ਹੈ, ਜਦੋਂ ਅਸੀਂ ਸੰਸਦ ਵੱਲ ਸ਼ਾਂਤੀਪੂਰਨ ਮਾਰਚ ਕਰਾਂਗੇ। ਇਕੱਠੇ, ਅਸੀਂ ਲੋਕਤੰਤਰ ਦੇ ਇਸ ਮੰਦਰ ਵਿੱਚ ਆਪਣੇ ਵਿਚਾਰ ਪੇਸ਼ ਕਰਾਂਗੇ।"
ਉਸਨੇ ਹਲਕੇ ਸੁਰ ਵਿੱਚ ਕਿਹਾ, "ਮੈਂ 20 ਜੁਲਾਈ ਤੱਕ ਕਿਸੇ ਵੀ ਕੀਮਤ 'ਤੇ ਜਿਉਂਦਾ ਰਹਾਂਗਾ। ਜੇਕਰ ਤੁਸੀਂ ਨਹੀਂ ਆਉਂਦੇ ਅਤੇ 20 ਜੁਲਾਈ ਦਾ ਵਿਰੋਧ ਸਫਲ ਨਹੀਂ ਹੁੰਦਾ, ਤਾਂ ਮੈਂ ਭੂਤ ਬਣ ਕੇ ਵਾਪਸ ਆਵਾਂਗਾ।" ਭੀੜ ਨੇ ਉਸਦੇ ਬਿਆਨ ਦੀ ਸ਼ਲਾਘਾ ਕੀਤੀ। ਪਿਛਲੇ 24 ਘੰਟਿਆਂ ਵਿੱਚ, ਵਾਂਗਚੁਕ ਨੇ ਹੋਰ 350 ਗ੍ਰਾਮ ਘਟਾ ਦਿੱਤਾ ਹੈ, ਜਿਸ ਨਾਲ ਉਸਦਾ ਕੁੱਲ ਭਾਰ ਲਗਭਗ 9.5 ਕਿਲੋਗ੍ਰਾਮ ਹੋ ਗਿਆ ਹੈ।



ਉਸਦੀ ਦੇਖਭਾਲ ਕਰ ਰਹੇ ਡਾਕਟਰਾਂ ਦੀ ਟੀਮ ਦੁਆਰਾ ਜਾਰੀ ਕੀਤੇ ਗਏ ਇੱਕ ਸਿਹਤ ਬੁਲੇਟਿਨ ਦੇ ਅਨੁਸਾਰ, ਵਾਂਗਚੁਕ ਦਾ ਭਾਰ ਹੁਣ 56.55 ਕਿਲੋਗ੍ਰਾਮ ਹੈ। ਉਸਦਾ ਬਲੱਡ ਪ੍ਰੈਸ਼ਰ 108/68 ਮਮੁਗ, ਬਲੱਡ ਸ਼ੂਗਰ 80 ਮਗ/ਦ.ਲ, ਨਬਜ਼ ਦੀ ਦਰ 72 ਧੜਕਣ ਪ੍ਰਤੀ ਮਿੰਟ, ਅਤੇ ਆਕਸੀਜਨ ਸੰਤ੍ਰਿਪਤਾ 96 ਪ੍ਰਤੀਸ਼ਤ ਸੀ। ਡਾਕਟਰਾਂ ਨੇ ਵੀਰਵਾਰ ਨੂੰ ਚੇਤਾਵਨੀ ਦਿੱਤੀ ਕਿ ਲੰਬੇ ਸਮੇਂ ਤੱਕ ਵਰਤ ਰੱਖਣ ਕਾਰਨ ਉਸਦੀ ਹਾਲਤ ਵਿਗੜ ਗਈ ਹੈ, ਅਤੇ ਜੇਕਰ ਭੁੱਖ ਹੜਤਾਲ ਜਾਰੀ ਰਹੀ, ਤਾਂ ਅਗਲਾ ਪੜਾਅ ਗੰਭੀਰ ਹੋ ਸਕਦਾ ਹੈ, ਜਿਸ ਨਾਲ ਅੰਗਾਂ ਨੂੰ ਨੁਕਸਾਨ ਹੋ ਸਕਦਾ ਹੈ। ਹਾਲਾਂਕਿ, ਵਾਂਗਚੁਕ ਨੇ ਆਪਣਾ ਵਰਤ ਖਤਮ ਕਰਨ ਤੋਂ ਇਨਕਾਰ ਕਰ ਦਿੱਤਾ। ਉਸਨੇ ਕਿਹਾ ਕਿ ਸਰਕਾਰ ਦੇ ਜਵਾਬ ਤੋਂ ਬਿਨਾਂ ਇਸਨੂੰ ਖਤਮ ਕਰਨ ਨਾਲ ਗਲਤ ਸੁਨੇਹਾ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਧਿਆਨ 20 ਜੁਲਾਈ ਨੂੰ ਸੰਸਦ ਮਾਰਚ ਦੀ ਸਫਲਤਾ ਨੂੰ ਯਕੀਨੀ ਬਣਾਉਣ 'ਤੇ ਹੋਣਾ ਚਾਹੀਦਾ ਹੈ।ਇਹ ਮਾਮਲਾ ਦਿੱਲੀ ਹਾਈ ਕੋਰਟ ਤੱਕ ਵੀ ਪਹੁੰਚ ਗਿਆ ਹੈ, ਜਿਸ ਨੇ ਅਧਿਕਾਰੀਆਂ ਨੂੰ ਵਾਂਗਚੁਕ ਦੀ ਸਿਹਤ ਦੀ ਰੋਜ਼ਾਨਾ ਨਿਗਰਾਨੀ ਕਰਨ ਅਤੇ ਜੇਕਰ ਉਨ੍ਹਾਂ ਦੀ ਹਾਲਤ ਵਿਗੜਦੀ ਹੈ ਤਾਂ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਹਨ। ਹੋਰ ਭੁੱਖ ਹੜਤਾਲੀਆਂ ਦੀ ਹਾਲਤ ਵੀ ਵਿਗੜ ਰਹੀ ਹੈ। ਸੀਪੀਆਈ (ਐਮਐਲ) ਲਿਬਰੇਸ਼ਨ ਨਾਲ ਜੁੜੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਏਆਈਐਸਏ) ਨੇ ਕਿਹਾ ਕਿ ਇਸਦੇ ਮੈਂਬਰਾਂ ਨੇਹਾ, ਮਨੀਸ਼ ਅਤੇ ਅਮੀਨ ਦੀ ਹਾਲਤ "ਨਾਜ਼ੁਕ" ਹੋ ਗਈ ਹੈ। ਇਹ ਤਿੰਨੋਂ ਵਿਰੋਧ ਸਥਾਨ 'ਤੇ ਇੱਕ ਵੱਖਰੇ ਪਲੇਟਫਾਰਮ 'ਤੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ 'ਤੇ ਵੀ ਹਨ।
ਏਆਈਐਸਏ ਨੇ ਇੱਕ ਬਿਆਨ ਵਿੱਚ ਕਿਹਾ ਕਿ ਡੀਹਾਈਡਰੇਸ਼ਨ ਕਾਰਨ ਅਮੀਨ ਨੂੰ ਹਾਈਪੋਵੋਲੇਮਿਕ ਸਦਮਾ ਹੋਣ ਦਾ ਖ਼ਤਰਾ ਸੀ, ਨੇਹਾ ਦਾ ਬਲੱਡ ਸ਼ੂਗਰ ਪੱਧਰ ਖ਼ਤਰਨਾਕ ਤੌਰ 'ਤੇ 49 ਮਿਲੀਗ੍ਰਾਮ/ਡੀਐਲ ਤੱਕ ਡਿੱਗ ਗਿਆ ਸੀ, ਅਤੇ ਮਨੀਸ਼ ਨੇ ਆਪਣੇ ਕੁੱਲ ਸਰੀਰ ਦੇ ਭਾਰ ਦਾ 10 ਪ੍ਰਤੀਸ਼ਤ ਤੋਂ ਵੱਧ ਘਟਾ ਦਿੱਤਾ ਸੀ। ਸੰਗਠਨ ਨੇ ਕਿਹਾ ਕਿ ਵਿਦਿਆਰਥੀ ਉਦੋਂ ਤੱਕ ਸੋਨਮ ਵਾਂਗਚੁਕ ਨਾਲ ਏਕਤਾ ਬਣਾਈ ਰੱਖਣ ਲਈ ਦ੍ਰਿੜ ਸਨ। ਸੀਜੇਪੀ ਦੇ ਅੰਦੋਲਨ ਨੂੰ ਰਾਜਨੀਤਿਕ ਸਮਰਥਨ ਮਿਲ ਰਿਹਾ ਹੈ। ਸ਼ੁੱਕਰਵਾਰ ਨੂੰ, ਕਾਂਗਰਸ ਨੇਤਾ ਪਵਨ ਖੇੜਾ ਨੇ ਜੰਤਰ-ਮੰਤਰ 'ਤੇ ਵਾਂਗਚੁਕ ਅਤੇ ਹੋਰ ਪ੍ਰਦਰਸ਼ਨਕਾਰੀਆਂ ਨਾਲ ਮੁਲਾਕਾਤ ਕੀਤੀ। ਖੇੜਾ ਦੀ ਫੇਰੀ ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਡਿੰਪਲ ਯਾਦਵ ਦੁਆਰਾ ਭੁੱਖ ਹੜਤਾਲੀਆਂ ਨਾਲ ਮੁਲਾਕਾਤ ਕਰਨ ਅਤੇ ਕੇਂਦਰ ਸਰਕਾਰ ਨੂੰ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਕਰਨ ਤੋਂ ਇੱਕ ਦਿਨ ਬਾਅਦ ਆਈ। ਇਸ ਤੋਂ ਇਲਾਵਾ, ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ, ਤ੍ਰਿਣਮੂਲ ਕਾਂਗਰਸ ਮੁਖੀ ਮਮਤਾ ਬੈਨਰਜੀ, ਸ਼ਿਵ ਸੈਨਾ (ਉੱਤਰ ਪ੍ਰਦੇਸ਼) ਦੇ ਮੁਖੀ ਊਧਵ ਠਾਕਰੇ ਅਤੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਵੀ ਵਾਂਗਚੁਕ ਦੀ ਸਿਹਤ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਸੰਸਦ ਵੱਲ ਪ੍ਰਸਤਾਵਿਤ ਮਾਰਚ ਲਈ ਆਪਣਾ ਸਮਰਥਨ ਪ੍ਰਗਟ ਕੀਤਾ। ਪਿਛਲੇ ਹਫ਼ਤੇ, ਅੰਦੋਲਨ ਨੂੰ ਅਦਾਕਾਰ ਪ੍ਰਕਾਸ਼ ਰਾਜ ਤੋਂ ਵੀ ਸਮਰਥਨ ਮਿਲਿਆ ਹੈ।

## ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਗਿਰਾਵਟ, ਸੋਨੇ ਦੀ ਕੀਮਤ 800 ਰੁਪਏ ਡਿੱਗ ਕੇ 1,45,500 ਰੁਪਏ ਪ੍ਰਤੀ 10 ਗ੍ਰਾਮ ਹੋਈ



**ਨਵੀਂ ਦਿੱਲੀ:** ਰਾਸ਼ਟਰੀ ਰਾਜਧਾਨੀ ਦੇ ਸਰਾਫ਼ਾ ਬਾਜ਼ਾਰ ਵਿੱਚ ਸ਼ੁੱਕਰਵਾਰ ਨੂੰ ਸੋਨੇ ਦੀ ਕੀਮਤ ਵਿੱਚ ਗਿਰਾਵਟ ਦਾ ਸਿਲਸਿਲਾ ਫਿਰ ਸ਼ੁਰੂ ਹੋਇਆ ਅਤੇ ਇਹ ਤਿੰਨ ਹਫ਼ਤਿਆਂ ਦੇ ਹੇਠਲੇ ਪੱਧਰ 'ਤੇ ਪਹੁੰਚ ਗਿਆ। ਸੋਨੇ ਦੀ ਕੀਮਤ 800 ਰੁਪਏ ਟੁੱਟ ਕੇ 1.45 ਲੱਖ ਰੁਪਏ ਪ੍ਰਤੀ 10 ਗ੍ਰਾਮ 'ਤੇ ਰਹੀ। ਸਥਾਨਕ ਮੰਗ ਕਮਜ਼ੋਰ ਰਹਿਣ ਕਾਰਨ ਚਾਂਦੀ ਵੀ 2,000 ਰੁਪਏ ਲੁੜਕ ਗਈ। ਅਖਿਲ ਭਾਰਤੀ ਸਰਾਫ਼ਾ ਸੰਘ ਦੇ ਅਨੁਸਾਰ, 99.9 ਪ੍ਰਤੀਸ਼ਤ ਸ਼ੁੱਧਤਾ ਵਾਲੇ ਸੋਨੇ ਦੀ ਕੀਮਤ 800 ਰੁਪਏ ਘਟ ਕੇ 1,45,500 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਰਹਿ ਗਈ। ਵੀਰਵਾਰ ਨੂੰ ਇਹ 1,46,300 ਰੁਪਏ ਪ੍ਰਤੀ 10 ਗ੍ਰਾਮ ਰਹੀ ਸੀ। ਚਾਂਦੀ ਵੀ 2,000 ਰੁਪਏ ਟੁੱਟ ਕੇ 2,22,500 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) 'ਤੇ ਰਹੀ। ਪਿਛਲੇ ਸੈਸ਼ਨ ਵਿੱਚ ਚਾਂਦੀ 2,24,500 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਬੰਦ ਹੋਈ ਸੀ। ਸੋਨਾ 25 ਜੂਨ ਨੂੰ 1,45,300 ਰੁਪਏ ਪ੍ਰਤੀ 10 ਗ੍ਰਾਮ 'ਤੇ ਸੀ। ਕਾਰੋਬਾਰੀਆਂ ਨੇ ਕਿਹਾ ਕਿ ਦੋ ਸੈਸ਼ਨਾਂ ਦੇ ਠਹਿਰਾਅ ਤੋਂ ਬਾਅਦ ਸੋਨੇ ਦੀਆਂ ਕੀਮਤਾਂ ਵਿੱਚ ਗਿਰਾਵਟ ਫਿਰ ਤੋਂ ਸ਼ੁਰੂ ਹੋ ਗਈ ਅਤੇ ਇਹ ਤਿੰਨ ਹਫ਼ਤਿਆਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਆ ਗਈ, ਜਦੋਂ ਕਿ ਚਾਂਦੀ ਵਿੱਚ ਲਗਾਤਾਰ ਗਿਰਾਵਟ ਜਾਰੀ ਰਹੀ। ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ, ਹਾਜ਼ਰ ਸੋਨਾ 15.42 ਡਾਲਰ ਯਾਨੀ 0.39 ਪ੍ਰਤੀਸ਼ਤ ਵਧ ਕੇ 3,992 ਡਾਲਰ ਪ੍ਰਤੀ ਔਂਸ ਹੋ ਗਿਆ। ਹਾਲਾਂਕਿ, ਚਾਂਦੀ ਗਿਰਾਵਟ ਦੇ ਨਾਲ 55.37 ਡਾਲਰ ਪ੍ਰਤੀ ਔਂਸ 'ਤੇ ਰਹੀ।

SHAM LAL CHANDER ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਹਰ ਦਿਲ ਅਜੀਜ਼ ਬਸਪਾ ਆਗੂ ਸਤਨਾਮ ਚਾਹਲ ਦਾ ਦੇਹਾਂਤ, ਪਿੰਡ ਚਾਹਲਾ ਵਿਖੇ ਅੱਜ ਹੋਵੇਗਾ ਅੰਤਿਮ ਸਸਕਾਰ

**ਨਵਾਂਸ਼ਹਿਰ /ਕਾਠਗੜ੍ਹ, 17 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਇਲਾਕੇ ਦੀ ਜਾਣੀ-ਪਛਾਣੀ, ਬੇਹੱਦ ਨੇਕਦਿਲ ਅਤੇ ਮਿਲਾਪੜੇ ਸੁਭਾਅ ਦੀ ਸ਼ਖਸੀਅਤ ਅਤੇ ਹਰਦਿਲ ਅਜੀਜ਼ ਸਤਨਾਮ ਚਾਹਲ ਅੱਜ ਦੁਪਹਿਰ ਤਕਰੀਬਨ 2 ਵਜੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹ 63 ਵਰ੍ਹਿਆਂ ਦੇ ਸਨ। ਬੇਹੱਦ ਮਿਲਣਸਾਰ ਅਤੇ ਚੰਗੇ ਇਨਸਾਨ ਹੋਣ ਕਰਕੇ ਉਨ੍ਹਾਂ ਦੇ ਅਚਾਨਕ ਚਲੇ ਜਾਣ ਨਾਲ ਪਰਿਵਾਰ ਸਮੇਤ ਪੂਰੇ ਇਲਾਕੇ



ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਪਰਿਵਾਰ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਸਵਰਗੀ ਸਤਨਾਮ ਚਾਹਲ ਦਾ ਅੰਤਿਮ ਸੰਸਕਾਰ ਅੱਜ 18 ਜੁਲਾਈ ਨੂੰ ਉਨ੍ਹਾਂ ਦੇ ਜੱਦੀ ਪਿੰਡ ਚਾਹਲਾਂ ਨੇੜੇ ਕਾਠਗੜ੍ਹ ਵਿਖੇ ਦੁਪਹਿਰ ਤਕਰੀਬਨ 1 ਵਜੇ ਕੀਤਾ ਜਾਵੇਗਾ। ਇਸ ਦੁੱਖ ਦੀ ਘੜੀ ਵਿੱਚ ਵੱਖ-ਵੱਖ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸ਼ਖਸੀਅਤਾਂ ਨੇ ਪਰਿਵਾਰ ਨਾਲ ਡੂੰਘੇ ਦੁੱਖ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਮਿਸ਼ਨਰੀ ਸਾਥੀ ਪ੍ਰੇਮ ਨਾਥ ਦੀ ਧਰਮਪਤਨੀ ਪਰਿਵਾਰ ਨੂੰ ਵਿਛੋੜਾ ਦੇ ਗਏ ਹਨ -ਪ੍ਰਵੀਨ ਬੰਗਾ

**ਬੰਗਾ( ਚਰਨਜੀਤ ਸੱਲ੍ਹਾ )** ਬੰਗਾ ਹਲਕੇ ਦੇ ਪਿੰਡ ਮਲਾਂ ਬੇਦੀਆਂ ਦੇ ਪੁਰਾਣੇ ਮਿਸ਼ਨਰੀ ਪਰਿਵਾਰ ਚੋਂ ਪ੍ਰੇਮ ਨਾਥ ਜੀ ਦੀ ਧਰਮਪਤਨੀ ਜੀ ਦਾ ਬੀਤੇ ਦਿਨੀਂ ਅਚਾਨਕ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਗ੍ਰਹਿ ਮਲਾ ਸੋਢੀਆਂ ਵਿਖੇ ਬਸਪਾ ਆਗੂ ਮਨੋਹਰ ਕਮਾਮ ਸਮੇਤ ਪਹੁੰਚੇ ਕਾਫੀ ਸਮਾਂ ਬੈਠਕੇ ਹਮਦਰਦੀ ਪ੍ਰਗਟ ਕਰਦਿਆਂ ਪਾਰਟੀ ਨੂੰ ਬੀਬੀ ਜੀ ਤੇ ਪਰਿਵਾਰ ਵਲੋਂ ਦਿਤੇ ਯੋਗਦਾਨ ਦੀਆਂ ਯਾਦਾਂ



ਪਰਿਵਾਰ ਤੇ ਸਾਥੀਆਂ ਨੇ ਸਾਂਝੀਆਂ ਕੀਤੀਆਂ ਇਸ ਮੌਕੇ ਤੇ ਮੀਡੀਏ ਦੀ ਪੜ੍ਹਾਈ ਕਰਨ ਵਾਲੇ ਉਨ੍ਹਾਂ ਦੇ ਸਪੁੱਤਰ ਜਗਤਾਰ ਸਿੰਘ ਅਸਟ੍ਰੇਲੀਆ ਬੇਟੀਆਂ ,ਬਾਬੂ ਧੰਨਾ ਸਿੰਘ ਜੀ ਅਮਰਜੀਤ ਜੀ ਤੋ ਇਲਾਵਾ ਪਿੰਡ ਤੇ ਇਲਾਕੇ ਦੇ ਸਾਥੀ ਹਾਜ਼ਰ ਹੋਏ ਪ੍ਰਵੀਨ ਬੰਗਾ।

# ਆਪ ਸਰਕਾਰ ਅਤੇ ਭਾਜਪਾ ਸਰਕਾਰ ਚੌਥੇ ਦਿਨ ਵੀ ਸੁੱਤੀ ਪਈ ਹੈ, ਪਰ ਬਾਬਾ ਸਾਹਿਬ ਜੀ ਦੇ ਯੋਧੇ ਬਸਪਾ ਵਾਲੇ ਚੌਥੇ ਦਿਨ ਵੀ ਸਰਕਾਰਾਂ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਹੀ ਹੈ

**ਲੁਧਿਆਣਾ 17 ਜੁਲਾਈ (ਚਰਨਜੀਤ ਸੱਲ੍ਹਾ )** ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਬੁੱਤਾਂ ਦਾ ਨਿਰਾਦਰ ਦੱਸਵੀਂ ਹੋ ਗਿਆ ਹੈ ਪਰ ਆਮ ਸਰਕਾਰ ਅਤੇ ਭਾਜਪਾ ਸਰਕਾਰ ਪਤਾ ਨਹੀਂ ਕਿਉਂ ਸੁੱਤੀਆਂ ਪਈਆਂ ਹਨ।ਹੁਣ ਦੱਸਵੀਂ ਵਾਰ ਲੁਧਿਆਣਾ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦਾ ਨਿਰ-ਾਦਰ, ਬੁੱਤ ਨੂੰ ਨੁਕਸਾਨ ਪਹੁੰਚਾਣ ਦੇ ਮਤੇ ਨਾਲ਼ ਉਸ ਬੁੱਤ ਤੇ ਲੱਗੇ ਸ਼ੀਸ਼ੇ ਨੂੰ ਤੋੜਕੇ ਇਸ ਗੱਲ ਦਾ ਸੰਦੇਸ਼ ਦਿੰਦਾ ਹੈ ਕਿ ਉਹਨਾਂ ਦਾ ਇਰਾਦਾ ਬਾਬਾ ਸਾਹਿਬ ਦੇ ਬੁੱਤ ਨੂੰ ਨੁਕਸਾਨ ਪੁੱਜੇ। ਪ੍ਰਸ਼ਾਸਨ ਪਤਾ ਨਹੀਂ ਕਿਹੜੀ ਗੱਲੋਂ ਸੁੱਤਾਂ ਪਿਆ ਹੈ। ਜਦੋਂ ਕਿ ਬਾਬਾ ਸਾਹਿਬ ਜੀ ਦੇ ਸ਼ੇਰ ਬਸਪਾ ਵਾਲੇ ਇਨ੍ਹਾਂ ਸਰਕਾਰਾਂ ਨੂੰ ਜਗਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਕਿਉਂਕਿ ਬਸਪਾ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਜੀ ਹਾਲੇ ਕਨੇਡਾ ਗਏ ਹੋਏ ਹਨ ਪਰ ਬਸਪਾ ਲੁਧਿਆਣਾ



ਦੀ ਟੀਮ ਅਤੇ ਫਿਲੌਰ ਦੀ ਟੀਮ ਦਾ ਖ਼ਾਸ ਕਰਕੇ ਧੰਨਵਾਦ ਹੈ





ਜਿਨ੍ਹਾਂ ਨੇ ਅੱਜ ਧਰਨੇ ਵਿੱਚ ਲਗਾਤਾਰ ਚੌਥੇ ਦਿਨ ਵੀ ਸ਼ਮੂਲੀਅਤ ਕੀਤੀ। ਜਿਸ ਵਿੱਚ ਖੁਸ਼ੀ ਰਾਮ ਸਰਪੰਚ, ਸੁਖਵਿੰਦਰ ਬਿੱਟੂ, ਬਲਵਿੰਦਰ ਜੱਸੀ, ਸੋਨੂੰ ਅੰਬੇਦਕਰ, ਮਿਸ਼ਨਰੀ ਗਾਇਕ ਵਿੱਕੀ ਬਹਾਦਰ ਕੇ, ਮਹਿੰਦਰ ਸਿੰਘ ਤੇਹਿੰਗ, ਅਨੀਤਾ ਪਾਲ, ਚੇਅਰਮੈਨ ਸੰਦੀਪ ਕੌਰ, ਕੁਲਦੀਪ ਬਹਿਰਾਮ, ਦਰਸ਼ਨ ਬਹਿਰਾਮ ਅਤੇ ਹੋਰ ਮਿਸ਼ਨ ਨੂੰ ਪਿਆਰ ਕਰਨ ਵਾਲੇ ਵਰਕਰ ਹਾਜ਼ਰ ਸਨ ਜਿਹੜੇ ਕਿ ਦਿਨ ਰਾਤ ਇਥੇ ਹੀ ਰਹਿੰਦੇ ਹਨ।

# ‘ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵੱਖ-ਵੱਖ ਇਲਾਕਿਆਂ ਵਿੱਚ ਲੋਕ ਮਿਲਣੀਆਂ ਕਰਕੇ ਵਿਕਾਸ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਕੀਤਾ ਉਜਾਗਰ

## ਮਸਜਿਦ ਨਿਰਮਾਣ ਦਾ ਸ਼ੁਭ ਆਰੰਭ, ਲਾਲ ਲਕੀਰ ਤਹਿਤ ਮਲਕਾਨਾ ਹੱਕ ਸਰਟੀਫਿਕੇਟ ਵੰਡੇ, ਲੋਕਾਂ ਨੇ ਮਾਨ ਸਰਕਾਰ ’ਤੇ ਜਤਾਇਆ ਵਿਸ਼ਵਾਸ

**ਲਾਲੜੂ :17 ਜੁਲਾਈ(ਸੰਜੀਵ ਸਿੰਘ ਸੈਣੀ)** ਪੰਜਾਬ ਦਾ ਇੱਕੋ ਨਾਅਰਾ - ਭਗਵੰਤ ਮਾਨ ਦੁਬ-ਾਰਾ’ ਮੁਹਿੰਮ ਤਹਿਤ ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਅੱਜ ਲਾਲੜੂ ਖੇਤਰ ਦੇ ਵਾਰਡ ਨੰਬਰ 17 ਦੱਪਰ ਕਲੋਨੀ, ਪਿੰਡ ਬੈਰਮਾਜਰਾ, ਹੁੰਬੜਾ ਅਤੇ ਰਾਜੋਮਾਜਰਾ ਵਿਖੇ ਆਯੋਜਿਤ ਲੋਕ ਮਿਲਣੀਆਂ ਵਿੱਚ ਸ਼ਿਰਕਤ ਕਰਦਿਆਂ ਲੋਕਾਂ ਨਾਲ ਰੂ-ਬ-ਰੂ ਹੋ ਕੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਅਤੇ ਲੋਕ ਭਲਾਈ ਦੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਵਾਰਡ ਨੰਬਰ 17 ਦੱਪਰ ਕਲੋਨੀ ਵਿਖੇ ਮੁਸਲਿਮ ਭਾਈਚਾਰੇ ਵੱਲੋਂ ਆਯੋਜਿਤ ਲੋਕ ਮਿਲਣੀ ਦੌਰਾਨ ਵਿਧਾਇਕ ਰੰਧਾਵਾ ਨੇ ਨਵੀਂ ਬਣਨ ਜਾ ਰਹੀ ਮਸਜਿਦ ਦੇ ਨਿਰਮਾਣ ਕਾਰਜ ਦਾ ਸ਼ੁਭ ਆਰੰਭ ਕਰਵਾਇਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਧਰਮ ਅਤੇ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਪੰਜਾਬ ਵਿੱਚ ਆਪਸੀ ਭਾਈਚਾਰੇ, ਏਕਤਾ ਅਤੇ ਵਿਕਾਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ। ਇਸ ਤੋਂ ਬਾਅਦ ਪਿੰਡ ਬੈਰਮਾਜਰਾ ਵਿਖੇ ਲੋਕ ਮਿਲਣੀ ਦੌਰਾਨ ਵਿਧਾਇਕ ਰੰਧਾਵਾ ਨੇ ਲਾਲ ਲਕੀਰ ਯੋਜਨਾ



ਅਧੀਨ ਯੋਗ ਪਰਿਵਾਰਾਂ ਨੂੰ ਮਲਕਾਨਾ ਹੱਕ ਸਰਟੀਫਿਕੇਟ ਭੇਟ ਕੀਤੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੇ ਇਸ ਇਤਿਹਾਸਕ ਫ਼ੈਸਲੇ ਨਾਲ ਸਾਲਾਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਕਾਨੂੰਨੀ ਮਾਲਕੀ ਦਾ ਹੱਕ ਮਿਲਿਆ ਹੈ। ਪਿੰਡ ਵਾਸੀਆਂ ਨੇ ਇਸ ਲੋਕ-ਪੱਖੀ ਪਹਿਲ ਦੀ ਸਰਾਹਨਾ ਕਰਦਿਆਂ ਸਰਕਾਰ ਦੀ ਕਾਰਗੁਜ਼ਾਰੀ ’ਤੇ ਭਰੋਸਾ ਪ੍ਰਗਟਾਇਆ। ਇਸ ਉਪਰੰਤ ਪਿੰਡ ਹੁੰਬੜਾ ਅਤੇ ਰਾਜੋਮਾਜਰਾ ਵਿਖੇ ਹੋਈਆਂ ਲੋਕ ਮਿਲਣੀਆਂ ਦੌਰਾਨ ਵਿਧਾਇਕ ਰੰਧਾਵਾ ਨੇ ਮਾਨ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਦੀਆਂ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹਰ ਵਰਗ ਦੀ ਭਲਾਈ ਨੂੰ ਧਿਆਨ ਵਿੱਚ ਰੱਖਦਿਆਂ ਇਮਾਨਦਾਰੀ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕੀਤਾ ਹੈ। ਇਸ ਮੌਕੇ ਪਿੰਡ ਵਾਸੀਆਂ ਨੇ ਮਾਨ ਸਰਕਾਰ ਦੀ ਕਾਰਗੁਜ਼ਾਰੀ ’ਤੇ ਪੂਰਾ ਸੰਤੋਖ ਪ੍ਰਗਟ ਕਰਦਿਆਂ ਭਰੋਸਾ ਦਿਵਾਇਆ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਉਹ ਮੁੜ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਸਾਥ ਦੇਣਗੇ। ਇਨ੍ਹਾਂ ਪ੍ਰੋਗਰਾਮਾਂ ਦੌਰਾਨ ਨਗਰ ਕੌਂਸਲ ਦੇ ਪ੍ਰਧਾਨ, ਕੌਂਸਲਰ, ਸਰਪੰਚ, ਪੰਚ, ਬਲਾਕ ਸੰਮਤੀ ਮੈਂਬਰ, ਬਲਾਕ ਪ੍ਰਧਾਨ ਅਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਇਲ-ਾਕਾ ਵਾਸੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮਨਰੇਗਾ ਮਜ਼ਦੂਰਾਂ ਉੱਪਰ ਡਾਂਗਾਂ ਅਤੇ ਅੱਥਰੂ ਗੈਸ ਦੇ ਗੋਲੇ ਦਾਗਣੇ ਸਰਕਾਰ ਦੀ ਨਲਾਇਕੀ ਦਾ ਪ੍ਰਤੱਖ ਪ੍ਰਮਾਣ : ਜੰਗ ਬਹਾਦਰ

**ਅਮਰਗੜ੍ਹ 17 ਜੁਲਾਈ (ਕੁਲਵੰਤ ਸਿੰਘ ਮੁਹਾਲੀ)** ਖੰਨਾ ਵਿੱਚ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ ਉੱਪਰ ਅੰਨੇਵਾਹ ਡਾਂਗਾਂ ਵਰਾਉਣੀਆਂ ਅਤੇ ਅੱਥਰੂ ਗੈਸ ਦੇ ਗੋਲੇ ਦਾਗਣੇ ਪੰਜਾਬ ਸਰਕਾਰ ਦੀ ਬੇਹੱਦ ਨਿੰਦਣਯੋਗ ਕਾਰਵਾਈ ਹੈ ਅਤੇ ਸਰਕਾਰੀ ਤੰਤਰ ਦੀ ਨਾਲਾਇਕੀ ਦਾ ਪ੍ਰਤੱਖ ਪ੍ਰਮਾਣ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਐਸ ਸੀ ਵਰਗਾਂ ਲਈ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰਨ ਵਾਲੇ ਸੀਨੀ ਕਾਂਗਰਸ ਆਗੂ ਸ੍ਰੀ ਜੰਗ ਬਹਾਦਰ ਸਾਬਕਾ ਸੂਬਾ ਕੋ ਚੇਅਰਮੈਨ ਐਸ.ਸੀ ਡਿਪਾਰਟਮੈਂਟ ਪੰਜਾਬ ਕਾਂਗਰਸ ਵੱਲੋਂ ਜਾਰੀ ਕੀਤੇ ਪ੍ਰੈਸ ਨੋਟ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਆਪਣੀ ਹੱਕੀ ਕਮਾਈ ਅਤੇ ਖੂਨ-ਪਸੀਨੇ ਦੀ ਮਨਰੇਗਾ ਦਿਹਾੜੀ ਦੀ ਮਜਦੂਰੀ ਮੰਗ ਰਹੇ ਗਰੀਬ ਮਜ਼ਦੂਰਾਂ ਦਾ ਕਸੂਰ ਸਿਰਫ਼ ਇੰਨਾ ਸੀ ਕਿ ਉਹ ਸ਼ਾਂਤੀਪੂਰਵਕ ਹੱਥ ਜੋੜ ਕੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰ ਰਹੇ ਸਨ, ਪਰ ਮੌਜੂਦਾ ਸਰਕਾਰ ਵੱਲੋਂ ਉਨ੍ਹਾਂ ਦੀ ਫਰਿਆਦ ਸੁਣਨ ਦੀ ਬਜਾਏ, ਤਾਨਾਸ਼ਾਹੀ ਰਵੱਈਆ ਅਪਣਾਉਂਦਿਆਂ ਉਨ੍ਹਾਂ ਉਪਰ ਅੱਥਰੂ ਗੈਸ ਦੇ ਗੋਲੇ ਦਾਗ ਦਿੱਤੇ ਅਤੇ ਬੇਤਿਹਾਸ਼ੀਆਂ ਡਾਂਗਾਂ ਵਰ੍ਹਾ ਦਿੱਤੀਆਂ। ਉਨ੍ਹਾਂ ਕਿਹਾ ਕਿ ਜਦੋਂ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਕਿਰਤੀਆਂ 'ਤੇ ਪ੍ਰਸ਼ਾਸਨ ਇਸ ਤਰ੍ਹਾਂ ਜ਼ੁਲਮ ਢਾਹੁੰਦਾ ਹੈ, ਤਾਂ ਇਹ ਗੱਲ ਸ਼ੀਸ਼ੇ ਵਾਂਗ ਸਾਫ਼ ਹੋ ਜਾਂਦੀ ਹੈ, ਕਿ ਇਸ ਸਰਕਾਰ ਦੇ ਨਕਸ਼ੇ



ਵਿੱਚ ਗਰੀਬਾਂ ਅਤੇ ਲੋੜਵੰਦਾਂ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਪ੍ਰਸ਼ਾਸਨ ਦੀ ਇਹ ਕਾਰਵਾਈ ਬੇਹੱਦ ਨਿੰਦਣਯੋਗ ਅਤੇ ਸ਼ਰਮਨਾਕ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਰੋਸ ਧਰਨਿਆਂ ਤੋਂ ਸੱਤਾ ਤੱਕ ਦਾ ਸਫ਼ਰ ਕਰਨ ਵਾਲੀ ਆਮ ਆਦਮੀ ਪਾਰਟੀ ਅੱਜ ਆਪਣੀਆਂ ਹੀ ਕਦਰਾਂ-ਕੀਮਤਾਂ ਨੂੰ ਭੁੱਲ ਚੁੱਕੀ ਹੈ। ਮਨਰੇਗਾ ਮਜ਼ਦੂਰ ਜੋ ਆਪਣੀਆਂ ਜਾਇਜ਼ ਮੰਗਾਂ ਲਈ ਸ਼ਾਂਤਮਈ ਢੰਗ ਨਾਲ ਆਪਣੀ ਆਵਾਜ਼ ਉਠਾ ਰਹੇ ਸਨ, ਪ੍ਰੰਤੂ ਭਗਵੰਤ ਮਾਨ ਸਰਕਾਰ ਨੇ ਗੱਲਬਾਤ ਕਰਨ ਦੀ ਬਜਾਏ ਲਾਠੀਚਾਰਜ ਦਾ ਰਾਹ ਚੁਣਿਆ। ਸਰਕਾਰ ਦਾ ਅਜਿਹਾ ਰਵੱਈਆ ਲੋਕਤੰਤਰ ਦੀ ਭਾਵਨਾ ਅਤੇ ਲੋਕਾਂ ਦੇ ਸੰਵਿਧਾਨਕ ਹੱਕਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਮਨਰੇਗਾ ਮੁਲਾਜ਼ਮਾਂ ਅਤੇ ਹਰ ਉਸ ਨਾਗਰਿਕ ਦੇ ਨਾਲ ਖੜ੍ਹੀ ਹੈ ਜੋ ਆਪਣੇ ਹੱਕਾਂ ਲਈ ਲੋਕਤੰਤਰਿਕ ਢੰਗ ਨਾਲ ਆਵਾਜ਼ ਉਠਾ ਰਿਹੈ। ਇਸ ਮੌਕੇ ਗੁਰਮੀਤ ਸਿੰਘ ਲਸੋਈ, ਦਲਜੀਤ ਸਿੰਘ ਦੁੱਗਰੀ, ਰਜਿੰਦਰ ਸਿੰਘ ਬਰਨਾਲਾ ਵੀ ਉਨ੍ਹਾਂ ਦੇ ਨਾਲ ਸਨ।

# ਨਰਕ ਭਰੀ ਜਿੰਦਗੀ ਜਿਉਣ ਲਈ ਮਜਬੂਰ ਹਨ ਪਿੰਡ ਮੱਲ੍ਹਾ ਵਾਸੀ

**ਰਾਏਕੋਟ, 17 ਜੁਲਾਈ ਗੁਰਭਿੰਦਰ ਗੁਰੀ** ਪਿਛਲੇ ਕਈ ਸਾਲਾ ਤੋ ਪਿੰਡ ਮੱਲ੍ਹਾ ਦੇ ਵੱਡੇ ਖੂਹ ਨਜਦੀਕ ਗ੍ਰਾਮ ਪੰਚਾਇਤ ਮੱਲ੍ਹਾ ਦੀ ਜਗ੍ਹਾ ਤੇ ਕੂੜਾ-ਕਰਕਟ ਸੁੱਟ ਕੇ ਰੂੜੀਆ ਲੱਗੀਆ ਹੋਈਆ ਹਨ। ਇਨ੍ਹਾ ਰੂੜੀਆ ਨੂੰ ਚੁਕ-ਾਉਣ ਲਈ ਅੱਜ ਪਿੰਡ ਮੱਲ੍ਹਾ ਦੇ ਵਾਰਡ ਨੰਬਰ ਅੱਠ ਦੇ ਪੰਚ ਗੁਰਚਰਨ ਸਿੰਘ ਚੰਨਾ ਅਤੇ ਵਾਰਡ ਨੰਬਰ ਨੌ ਦੀ ਪੰਚ ਮਨਜੀਤ ਕੌਰ ਦੀ ਅਗਵਾਈ ਹੇਠ ਦੋਵੇ ਵਾਰਡ ਦਾ ਇੱਕਠ ਕੀਤਾ ਗਿਆ। ਇਸ ਮੌਕੇ ਗੁਰਵਿੰਦਰ ਸਿੰਘ ਆਸਟਰੇਲੀਆ ਵਾਲੇ, ਪਰਮਜੀਤ ਸਿੰਘ ਫੌਜੀ, ਗੁਰਮੀਤ ਸਿੰਘ ਗੋਪੀ, ਗੁਰਦੀਪ ਸਿੰਘ ਆਦਿ ਨੇ ਕਿਹਾ ਕਿ ਫਰਵਰੀ 2026 ਵਿਚ ਨੇੜਲੇ ਘਰਾ ਦੇ ਲੋਕਾ ਨੇ ਗ੍ਰਾਮ ਪੰਚਾਇਤ ਮੱਲ੍ਹਾ ਨੂੰ ਸਹਿਮਤੀ ਦਿੱਤੀ ਸੀ ਕਿ ਇਸ ਸਾਮਲਾਟ ਵਿਚ ਰੂੜੀਆ ਚੁੱਕਾ ਕੇ ਸੁੰਦਰ ਪਾਰਕ ਬਣਾਇਆ ਜਾਵੇ ਤਾਂ ਗ੍ਰਾਮ ਪੰਚਾਇਤ ਮੱਲ੍ਹਾ ਨੇ 28 ਮਾਰਚ 2026 ਨੂੰ ਮਤਾ ਪਾਸ ਕਰਕੇ ਰੂੜੀਆ ਚੁੱਕਣੀਆ ਸੁਰੂ ਕਰ ਦਿੱਤੀਆ ਪਰ ਦੋ-ਚਾਰ ਘਰਾ ਵੱਲੋ ਵਿਰੋਧ ਕਰਨ ਤੇ ਗ੍ਰਾਮ ਪੰਚਾਇਤ ਦਾ ਕੰਮ ਅੱਧ ਵਿਚਕਾਰ ਹੀ ਰੁੱਕ ਗਿਆ ਉਨ੍ਹਾ ਕਿਹਾ ਕਿ ਮੌਜੂਦਾ ਸਮੇਂ ਇਸ ਸਾਮਲਾਟ ਵਿਚ ਵੱਡੀ ਪੱਧਰ ਤੇ ਕੂੜਾ-ਕਰਕਟ ਸੁੱਟਿਆ ਜਾਦਾ ਹੈ ਅਤੇ ਇੱਕ-ਦੋ ਘਰਾ ਵੱਲੋ ਸੀਵਰੇਜ ਦੇ ਪਾਇਪਾ ਵਿਚ



ਪਸੂਆ ਦਾ ਗੋਹਾ,ਪਲਾਸਟਿਕ ਦੇ ਲਫਾਫੇ ਰੋੜ ਕੇ ਪਾਇਪ ਬੰਦ ਕਰ ਦਿੱਤੇ ਹਨ। ਜਿਸ ਨਾਲ ਸੀਵਰੇਜ ਦੀ ਹੋਦੀਆ ਬੰਦ ਹੋ ਕੇ ਪਾਣੀ ਓਵਰ ਫਲੋਅ ਹੋ ਕੇ ਨੇੜਿਓ ਦੀ ਲੰਘਦੀ ਸੜਕ ਅਤੇ ਪੰਚਾਇਤੀ ਸਾਮਲਾਟ ਵਿਚ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਇਹ ਗੰਦਾ ਪਾਣੀ ਜਿਥੇ ਨੇੜਲੇ ਘਰਾ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ ਅਤੇ ਉਥੇ ਕਿਸੇ ਭਿਆਨਿਕ ਬਿਮਾਰੀਆ ਨੂੰ ਵੀ ਸੱਦਾ ਦੇ ਰਿਹਾ ਹੈ। ਉਨ੍ਹਾ ਪ੍ਰਸਾਸਨ ਤੋ ਮੰਗ ਕੀਤੀ ਕਿ ਸੀਵਰੇਜ ਦਾ ਬੰਦ ਪਿਆ ਪਾਣੀ ਚਾਲੂ ਕੀਤਾ ਜਾਵੇ ਅਤੇ ਪੰਚਾਇਤੀ ਜਮੀਨ ਵਿਚ ਰੂੜੀਆ ਚੁੱਕਾ ਕੇ ਪਾਰਕ ਬਣਾਇਆ ਜਾਵੇ। ਇਸ ਸਬੰਧੀ ਜਦੋ ਸਰਪੰਚ ਗੁਰਮੇਲ ਸਿੰਘ ਮੱਲ੍ਹਾ ਨਾਲ ਸੰਪਰਕ ਕੀਤਾ ਤਾਂ ਉਨ੍ਹਾ ਕਿਹਾ ਕਿ ਇਸ ਸਮੱਸਿਆ ਸਬੰਧੀ ਅਸੀ ਪੰਚਾਇਤੀ ਤੌਰ ਤੇ 28 ਮਾਰਚ 2026 ਨੂੰ ਮੰਗ ਪੱਤਰ ਦੇ ਚੁੱਕੇ ਹਾਂ ਜਿਨ੍ਹਾ ਨੇ 01 ਅਪ੍ਰੈਲ 2026 ਨੂੰ ਪੁਲਿਸ ਥਾਣਾ ਹਠੂਰ ਨੂੰ ਭੇਜ ਦਿੱਤੀ ਹੈ ਪਰ ਅੱਜ 111 ਦਿਨ ਬੀਤ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਹੀ ਹੋਈ। ਇਸ ਮੌਕੇ ਉਨ੍ਹਾ ਨਾਲ ਸੁਖਵਿੰਦਰ ਸਿੰਘ ਸੁੱਖਾ, ਜਗਮੋਹਣ ਸਿੰਘ ਜੇ ਈ, ਗੁਰਦੀਪ ਸਿੰਘ, ਕਰਮਜੀਤ ਸਿੰਘ, ਕੁਲਦੀਪ ਸਿੰਘ .ਦਿਲਬਾਗ ਸਿੰਘ, ਮੰਨਾ ਸਿੰਘ, ਨਿਹਾਲ ਸਿੰਘ, ਜੱਗੀ ਸਿੰਘ, ਹਰਪਾਲ ਸਿੰਘ ਆਦਿ ਹਾਜ਼ਰ ਸਨ। ਇਸ ਸਬੰਧੀ ਜਦੋ ਥਾਣਾ ਹਠੂਰ ਦੇ ਇੰਚਾਰਜ ਗੁਰਸੇਵਕ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾ ਕਿਹਾ ਕਿ ਪੰਚਾਇਤੀ ਜਮੀਨ ਦੀ ਕਾਰਵਾਈ ਲਈ ਜਦੋ ਵੀ ਬੀਡੀਪੀਓ ਸਾਹਿਬ ਪੁਲਿਸ ਦੀ ਸਹਾਇਤਾ ਲੈਣ ਦੀ ਮੰਗ ਕਰਨਗੇ ਤਾਂ ਹਠੂਰ ਪੁਲਿਸ ਸਹਾਇਤਾ ਦੇਣ ਲਈ ਤਿਆਰ ਹੈ।

# ਜ਼ਿਲ੍ਹਾ ਜਲੰਧਰ ਪਿੰਡ ਹਰੀਪੁਰ ਵਿਖੇ ਜੈਨ ਇਰੀਗਰੇਸ਼ਨ ਸਿਸਟਮ ਲਿਮਟਿਡ ਕੰਪਨੀ ਜਲਗਾਉਂ ਮਹਾਂਰਾਸ਼ਟਰ ਵੱਲੋਂ ਸੈਮੀਨਾਰ 20 ਨੂੰ

**ਜਲੰਧਰ/ਲੁਧਿਆਣਾ 17 ਜੂਨ (ਕਰਨੈਲ ਸਿੰਘ ਐੱਮ.ਏ.)** ਜੈਨ ਇਰੀਗਰੇਸ਼ਨ ਸਿਸਟਮ ਲਿਮਟਿਡ ਕੰਪਨੀ ਜਲਗਾਉਂ ਮਹਾਂਰਾਸ਼ਟਰ ਵੱਲੋਂ ਸਵ. ਪਦਮਸ਼੍ਰੀ ਭਵਰ ਲਾਲ ਹੀਰਾ ਲਾਲ ਜੈਨ ਅਤੇ ਕਲਮ ਦੇ ਧਨੀ ਸੀਨੀਅਰ ਪੱਤਰਕਾਰ ਸਵ. ਸ੍ਰ: ਝਰਮਲ ਸਿੰਘ ਦੀ ਮਿੱਠੀ ਯਾਦ ਨੂੰ ਸਮਰਪਿਤ ਧਰਤੀ ਬਚਾਓ, ਪਾਣੀ ਬਚਾਓ ਵਿਸ਼ੇ ਸੰਬੰਧੀ ਵਿਸ਼ੇਸ਼ ਸੈਮੀਨਾਰ 20 ਜੁਲਾਈ ਦਿਨ ਸੋਮਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਆਦਮਪੁਰ ਦੇ ਨੇੜਲੇ ਪਿੰਡ ਹਰੀਪੁਰ ਜ਼ਿਲ੍ਹਾ ਜਲੰਧਰ ਦੇ ਪੰਚਾਇਤ ਘਰ ਵਿਖੇ ਬਾਬੂ ਅਜਿਤ ਜੈਨ (ਐਮ.ਡੀ.) ਜੈਨ ਇਰੀਗਰੇਸ਼ਨ ਜਲਗਾਉਂ ਮਹਾਂਰਾਸ਼ਟਰ ਅਤੇ ਗੁਰੂ ਅੰਗਦ ਦੇਵ ਵਾਤਾਵਰਨ ਸੁਸਾਇਟੀ ਪਿੰਡ ਝੋਕ ਹਰੀਹਰ ਜ਼ਿਲ੍ਹਾ ਫਿਰੋਜ਼ਪੁਰ ਅਤੇ ਸਮੂਹ ਗ੍ਰਾਮ ਪੰਚਾਇਤ ਪਿੰਡ ਹਰੀਪੁਰ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆ ਨਿਰਮਲ ਸਿੰਘ ਅਤੇ







ਕਰਮਵੀਰ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਸ ਸੈਮੀਨਾਰ ਮੌਕੇ ਬਾਗਬਾਨੀ ਵਿਭਾਗ ਜਲੰਧਰ ਦੇ ਉਪ-ਡਾਇਰੈਕਟਰ ਨਰਿੰਦਰ ਪਾਲ ਕਲਸੀ, ਪੁਖਰਾਜ ਹਰਬਲ ਕੇਅਰ ਦੇ ਐਮ ਡੀ ਸੁਖਜੀਤ ਸਿੰਘ ਚੀਮਾ, ਬਾਗਬਾਨੀ ਵਿਭਾਗ ਜੋਬਨਪ੍ਰੀਤ ਸਿੰਘ, ਪਾਣੀ ਅਤੇ ਭੂਮੀ ਸੰਭਾਲ ਵਿਭਾਗ ਤੋਂ ਇੰਜਨੀਅਰ ਰੁਪਿੰਦਰ ਕੁਮਾਰ, ਖੇਤੀਬਾੜੀ ਵਿਭਾਗ ਜਲੰਧਰ ਤੋ ਡਾਕਟਰ ਰਣਧੀਰ ਸਿੰਘ ਅਤੇ ਹੋਰ ਖੇਤੀ ਮਾਹਿਰ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ ਅਤੇ ਪਾਣੀ ਅਤੇ ਧਰਤੀ ਦੇ ਬਚਾਅ ਲਈ ਜਾਗਰੂਕ ਕਰਨਗੇ। ਇਸ ਮੌਕੇ ਜੈਨ ਇਰੀਗਰੇਸ਼ਨ ਸਿਸਟਮ ਲਿਮਟਿਡ ਕੰਪਨੀ ਵੱਲੋਂ ਡਰਿਪ ਸਿਸਟਮ ਸੱਚਾਈ, ਟਿਸ਼ੂ ਪਾਈਪ ਫੈਕਟਰੀ, ਜੂਸ ਫੈਕਟਰੀ, ਨਰਸਰੀ ਪੌਦਿਆਂ ਦੀ ਅਤੇ ਬੀਜਾਂ ਬਾਰੇ ਜਾਣਕਾਰੀ ਦੇਣਗੇ। ਪ੍ਰਬੰਧਕਾਂ ਨੇ ਦੱਸਿਆ ਕਿ ਗੁਰੂ ਅੰਗਦ ਦੇਵ ਵਾਤਾਵਰਨ ਸੁਸਾਇਟੀ ਪਿੰਡ ਝੋਕ ਹਰੀ ਹਰ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਜੈਨ ਇਰੀਗੇਸ਼ਨ ਦੇ ਸਹਿਯੋਗ ਨਾਲ ਪੂਰੇ ਪੰਜਾਬ ਦੇ ਹਰ ਪਿੰਡ 'ਚ ਧਰਤੀ ਬਚਾਓ ਪਾਣੀ ਬਚਾਓ ਦੇ ਮਿਸ਼ਨ ਨੂੰ ਲੈ ਕੇ ਕੈਂਪ ਲਗਾਏ ਜਾਣਗੇ ।

# ਯੂਕੇ ਵਿੱਚ ਸਿੱਖ ਵਿਰੋਧੀ ਨਫ਼ਰਤੀ ਘਟਨਾਵਾਂ ਵਿੱਚ ਚਿੰਤਾਜਨਕ ਵਾਧੇ ਦਾ ਦਾਅਵਾ

**ਲੈਸਟਰ (ਇੰਗਲੈਂਡ),** 17 ਜੁਲਾਈ (ਸੁਖਜਿੰਦਰ ਸਿੰਘ ਢੱਡੇ) - ਦਿ ਸਿੱਖ ਨੈੱਟਵਰਕ ਵੱਲੋਂ ਜਾਰੀ ਕੀਤੇ ਗਏ ਇਕ ਦੇਸ਼-ਵਿਆਪੀ ਸਰਵੇਖਣ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਬਰਤਾਨੀਆ ਵਿੱਚ ਪਿਛਲੇ ਕੁਝ ਹਫ਼ਤਿਆਂ ਦੌਰਾਨ ਸਿੱਖ ਵਿਰੋਧੀ ਨਫ਼ਰਤੀ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸੰਸਥਾ ਅਨੁਸਾਰ, ਸਰਵੇਖਣ ਵਿੱਚ ਯੂਕੇ ਭਰ ਦੇ 1,000 ਤੋਂ ਵੱਧ ਸਿੱਖਾਂ ਨੇ ਹਿੱਸਾ ਲਿਆ।

ਸਰਵੇਖਣ ਮੁਤਾਬਿਕ 40 ਫ਼ੀਸਦੀ ਉੱਤਰਦਾਤਾਵਾਂ ਨੇ ਕਿਹਾ ਕਿ ਉਹ ਖ਼ੁਦ ਸਿੱਖ ਵਿਰੋਧੀ ਨਫ਼ਰਤੀ ਘਟਨਾ ਦਾ ਸ਼ਿਕਾਰ ਹੋਏ ਜਾਂ ਅਜਿਹੀਆਂ ਘਟਨਾਵਾਂ ਦੇ ਗਵਾਹ ਬਣੇ। ਰਿਪੋਰਟ ਵਿੱਚ 500 ਤੋਂ ਵੱਧ ਵੱਖ-ਵੱਖ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਲਗਭਗ 90 ਫ਼ੀਸਦੀ ਲੋਕਾਂ ਦਾ ਮੰਨਣਾ ਹੈ ਕਿ ਮਈ 2026 ਦੇ ਮੱਧ ਤੋਂ ਸਿੱਖ ਵਿਰੋਧੀ ਨਫ਼ਰਤ ਵਿੱਚ ਵਾਧਾ ਹੋਇਆ ਹੈ, ਜਦਕਿ 61 ਫ਼ੀਸਦੀ ਨੇ ਇਸ ਨੂੰ ਗੰਭੀਰ ਦੱਸਿਆ ਹੈ। ਰਿਪੋਰਟ ਅਨੁਸਾਰ 53 ਫ਼ੀਸਦੀ ਲੋਕ, ਖ਼ਾਸ ਕਰਕੇ ਬਜ਼ੁਰਗ ਸਿੱਖ, ਆਪਣੇ ਆਪ ਨੂੰ ਪਹਿਲਾਂ ਨਾਲੋਂ ਘੱਟ ਸੁਰੱਖਿਅਤ ਮਹਿਸੂਸ ਕਰਦੇ ਹਨ। 84 ਫ਼ੀਸਦੀ ਲੋਕਾਂ ਨੇ ਵਾਧੂ ਸਾਵਧਾਨੀਆਂ ਵਰਤਣ ਅਤੇ ਲਗਭਗ ਦੋ-ਤਿਹਾਈ ਨੇ ਆਪਣੀ ਰੋਜ਼ਾਨਾ ਦੀ ਦਿਨਚਰਿਆ ਵਿੱਚ ਤਬਦੀਲੀ ਕਰਨ ਦੀ ਗੱਲ ਕਹੀ ਹੈ। ਸਰਵੇਖਣ ਵਿੱਚ ਦਰਸਾਇਆ ਗਿਆ ਹੈ ਕਿ ਕਰੀਬ ਅੱਧੀਆਂ ਘਟਨਾਵਾਂ ਮੌਖਿਕ ਦੁਰਵਿਵਹਾਰ ਨਾਲ ਸਬੰਧਤ ਸਨ, ਜਦਕਿ ਹੋਰ ਮਾਮਲਿਆਂ ਵਿੱਚ ਆਨਲਾਈਨ ਦੁਰਵਿਵਹਾਰ, ਧਮਕੀਆਂ, ਤੋੜਫੋੜ ਅਤੇ ਸਰੀਰਕ ਹਮਲੇ ਸ਼ਾਮਲ ਸਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਵੇਂ 60 ਫ਼ੀਸਦੀ ਲੋਕਾਂ ਨੂੰ ਨਫ਼ਰਤੀ ਅਪਰਾਧ ਦੀ ਸ਼ਿਕਾਇਤ ਦਰਜ ਕਰਵਾਉਣ ਦੀ ਜਾਣਕਾਰੀ ਸੀ, ਪਰ ਸਿਰਫ਼ 6 ਫ਼ੀਸਦੀ ਘਟਨਾਵਾਂ ਹੀ ਪੁਲਿਸ ਤੱਕ ਪਹੁੰਚੀਆਂ। ਦਸ ਵਿੱਚੋਂ ਸੱਤ ਉੱਤਰਦਾਤਾਵਾਂ ਨੇ ਪੁਲਿਸ ਵੱਲੋਂ ਅਜਿਹੇ ਮਾਮਲਿਆਂ ਵਿੱਚ ਪ੍ਰਭਾਵਸ਼ਾਲੀ ਕਾਰਵਾਈ ਹੋਣ 'ਤੇ ਭਰੋਸੇ ਦੀ ਕਮੀ ਪ੍ਰਗਟਾਈ। ਦਿ ਸਿੱਖ ਨੈੱਟਵਰਕ ਨੇ ਬਰਤਾਨਵੀ ਸਰਕਾਰ, ਪੁਲਿਸ ਅਤੇ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਨਫ਼ਰਤੀ ਅਪਰਾਧਾਂ ਨੂੰ ਰੋਕਣ, ਰਿਪੋਰਟਿੰਗ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਭਾਈਚਾਰੇ ਦਾ ਭਰੋਸਾ ਬਹਾਲ ਕਰਨ ਲਈ ਠੋਸ ਕਦਮ ਚੁੱਕੇ ਜਾਣ।

# ਬਹੁਤ ਹੀ ਸਤਿਕਾਰਯੋਗ ਪੱਤਰਕਾਰ ਸਾਥੀਓ,




**ਬੰਗਾ( ਚਰਨਜੀਤ ਸੱਲ੍ਹਾ )** ਪੱਤਰਕਾਰ ਏਕਤਾ ਫਰੰਟ ਰਾਮਪੁਰਾ ਫੂਲ ਵਲੋਂ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਜ਼ਿਲ੍ਹਾ ਬਠਿੰਡਾ ਦੇ ਸਹਿਯੋਗ ਨਾਲ 19 ਜੁਲਾਈ 2026 ਨੂੰ "ਪੱਤਰਕਾਰੀ ਦਾ ਵਰਤਮਾਨ ਅਤੇ ਭਵਿੱਖੀ ਚੁਣੌਤੀਆਂ" ਵਿਸ਼ੇ 'ਤੇ ਵਿਸ਼ੇਸ਼ ਵਰਕਸ਼ਾਪ ਕਰਵਾਈ ਜਾ ਰਹੀ ਹੈ, ਜਿਸ ਵਿਚ ਬਹੁਤ ਹੀ ਸੀਨੀਅਰ ਅਤੇ ਤਜਰਬੇਕਾਰ ਪੱਤਰਕਾਰ ਜਗਤਾਰ ਸਿੰਘ ਸਿੱਧੂ ਭਾਜੀ ਆਪਣੇ ਲੰਮੇ ਪੱਤਰਕਾਰੀ ਤਜਰਬੇ 'ਚੋਂ ਸਾਡੇ ਨਾਲ ਅਨਮੋਲ ਸ਼ਬਦਾਂ ਦੀ ਸਾਂਝ ਪਾਉਣਗੇ, ਜਿੱਥੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲੇਗਾ। ਇਸ ਮੌਕੇ ਇੰਡੀਅਨ ਜਰਨਲਿਸਟ ਯੂਨੀਅਨ ਦੇ ਕੌਮੀ ਪ੍ਰਧਾਨ ਸਤਿਕਾਰਯੋਗ ਬਲਵਿੰਦਰ ਜੰਮੂ ਜੀ, ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਸੂਬਾ ਪ੍ਰਧਾਨ ਜੈ ਸਿੰਘ ਛਿੱਬਰ ਜੀ ਅਤੇ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਸੂਬਾ ਸਕੱਤਰ ਜਨਰਲ ਸੰਤੋਖ ਗਿੱਲ ਜੀ ਉਚੇਚੇ ਤੌਰ 'ਤੇ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਪਧਾਰ ਰਹੇ ਹਨ। ਸੋ, ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਸਾਰੇ ਹੀ ਪੱਤਰਕਾਰ ਸਾਥੀਆਂ ਅਤੇ ਨਜ਼ਦੀਕੀ ਜ਼ਿਲ੍ਹਿਆਂ ਦੇ ਵੱਧ ਤੋਂ ਵੱਧ ਪੱਤਰਕਾਰ ਸਾਥੀਆਂ ਨੂੰ ਇਸ ਮੌਕੇ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

ਨੋਟ: ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਜਿਨ੍ਹਾਂ ਸਾਥੀਆਂ ਨੇ ਨਵੀਂ ਮੈਂਬਰਸ਼ਿਪ ਭਰੀ ਸੀ, ਉਨ੍ਹਾਂ ਦੇ ਸ਼ਨਾਖਤੀ ਕਾਰਡ ਵੀ ਇਸ ਸਮਾਗਮ ਮੌਕੇ ਤਕਸੀਮ ਕੀਤੇ ਜਾਣਗੇ।

ਸਮਾਂ: 19 ਜੁਲਾਈ 2026 ਦਿਨ ਐਤਵਾਰ, ਸਵੇਰੇ 11 ਵਜੇ।

ਸਥਾਨ: ਪੈਂਥਰ ਕਲੱਬ, ਨਜਦੀਕ ਪਾਣੀ ਵਾਲੀ ਟੈਂਕੀ, ਰਾਮਪੁਰਾ ਫੂਲ।

ਬੇਨਤੀ ਕਰਤਾ: ਪਰਵਿੰਦਰ ਸਿੰਘ ਜੌੜਾ, ਪ੍ਰਧਾਨ ਜਿਲ੍ਹਾ ਬਠਿੰਡਾ।

# ਜੀਵਿਤ ਲਿਵਰ ਡੋਨਰ ਟ੍ਰਾਂਸਪਲਾਂਟ: ਆਪਣੇ ਪਿਆਰਿਆਂ ਨੂੰ ਨਵੀਂ ਜ਼ਿੰਦਗੀ ਦੇਣ ਦਾ ਸਭ ਤੋਂ ਵੱਡਾ ਤੋਹਫ਼ਾ

**ਜਲੰਧਰ/ਲੁਧਿਆਣਾ (ਕਰਨੈਲ ਸਿੰਘ ਐੱਮ. ਏ.)** ਲਿਵਰ ਸਾਡੇ ਸਰੀਰ ਦਾ ਇੱਕ ਬਹੁਤ ਹੀ ਮਹੱਤਵਪੂਰਨ ਅੰਗ ਹੈ। ਇਹ ਸਰੀਰ ਵਿੱਚੋਂ ਹਾਨੀਕਾਰਕ ਪਦਾਰਥਾਂ ਨੂੰ ਬਾਹਰ ਕੱਢਣ, ਭੋਜਨ ਨੂੰ ਪਚਾਉਣ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਦਾ ਕੰਮ ਕਰਦਾ ਹੈ। ਜਦੋਂ ਕਿਸੇ ਵਿਅਕਤੀ ਦਾ ਲਿਵਰ ਗੰਭੀਰ ਤੌਰ 'ਤੇ ਖ਼ਰਾਬ ਹੋ ਜਾਂਦਾ ਹੈ, ਤਾਂ ਕਈ ਵਾਰ ਲਿਵਰ ਟ੍ਰਾਂਸਪਲਾਂਟ ਹੀ ਉਸਦੀ ਜ਼ਿੰਦਗੀ ਬਚਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਇਲਾਜ ਹੁੰਦਾ ਹੈ। ਅਜਿਹੇ ਸਮੇਂ ਵਿੱਚ ਜੀਵਿਤ ਲਿਵਰ ਡੋਨਰ ਟ੍ਰਾਂਸਪਲਾਂਟ ਮਰੀਜ਼ ਲਈ ਨਵੀਂ ਉਮੀਦ ਬਣ ਕੇ ਸਾਹਮਣੇ ਆਉਂਦਾ ਹੈ। ਮੈਕਸ ਸੁਪਰ ਸਪੈਸ਼ਲਟੀ ਹਸਪਤਾਲ, ਦੁਆਰਕਾ ਦੇ ਐਚਪੀਬੀ ਸਰਜਰੀ ਅਤੇ ਲਿਵਰ ਟ੍ਰਾਂਸਪਲਾਂਟ ਵਿਭਾਗ ਦੇ ਚੇਅਰਮੈਨ ਅਤੇ ਵਿਭਾਗ ਮੁਖੀ ਡਾ: ਅਭਿਦੀਪ ਚੌਧਰੀ ਦੱਸਦੇ ਹਨ**, "ਜੇ ਪਰਿਵਾਰ ਦਾ ਕੋਈ ਤੰਦਰੁਸਤ ਮੈਂਬਰ ਆਪਣੇ ਲਿਵਰ ਦਾ ਇੱਕ ਹਿੱਸਾ ਦਾਨ ਕਰਦਾ ਹੈ, ਤਾਂ ਮਰੀਜ਼ ਦਾ ਸਮੇਂ ਸਿਰ ਇਲਾਜ ਸੰਭਵ ਹੋ ਜਾਂਦਾ ਹੈ। ਲਿਵਰ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਸ ਵਿੱਚ ਦੁਬਾਰਾ ਵੱਧਣ ਦੀ ਸਮਰੱਥਾ ਹੁੰਦੀ ਹੈ। ਟ੍ਰਾਂਸਪਲਾਂਟ ਤੋਂ ਬਾਅਦ ਡੋਨਰ ਅਤੇ ਮਰੀਜ਼ ਦੋਵਾਂ ਦਾ ਲਿਵਰ ਲਗਭਗ 6 ਤੋਂ 12 ਹਫ਼ਤਿਆਂ ਵਿੱਚ ਮੁੜ ਆਪਣੇ ਆਮ ਆਕਾਰ ਤੱਕ ਵਿਕਸਿਤ ਹੋ ਜਾਂਦਾ ਹੈ।" ਲਿਵਰ ਦਾਨ ਕਰਨ ਤੋਂ ਪਹਿਲਾਂ ਡੋਨਰ ਦੀਆਂ ਕਈ ਲਾਜ਼ਮੀ ਜਾਂਚਾਂ ਕੀਤੀਆਂ



ਜਾਂਦੀਆਂ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਸਦਾ ਲਿਵਰ ਪੂਰੀ ਤਰ੍ਹਾਂ ਤੰਦਰੁਸਤ ਹੈ ਅਤੇ ਦਾਨ ਕਰਨਾ ਉਸ ਲਈ ਸੁਰੱਖਿਅਤ ਰਹੇਗਾ। ਆਮ ਤੌਰ 'ਤੇ ਡੋਨਰ 5 ਤੋਂ 7 ਦਿਨਾਂ ਵਿੱਚ ਹਸਪਤਾਲ ਤੋਂ ਘਰ ਵਾਪਸ ਆ ਜਾਂਦਾ ਹੈ ਅਤੇ ਇੱਕ ਮਹੀਨੇ ਦੇ ਅੰਦਰ ਆਪਣੀ ਆਮ ਦਿਨਚਰਿਆ ਮੁੜ ਸ਼ੁਰੂ ਕਰ ਸਕਦਾ ਹੈ। ਡਾ: ਚੌਧਰੀ ਕਹਿੰਦੇ ਹਨ , "ਅੱਜ-ਕੱਲ੍ਹ ਲਿਵਰ ਦੀਆਂ ਗੰਭੀਰ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਵੱਧ ਰਹੀ ਹੈ, ਜਦਕਿ ਮ੍ਰਿਤਕ ਡੋਨਰਾਂ ਤੋਂ ਮਿਲਣ ਵਾਲੇ ਅੰਗਾਂ ਦੀ ਸੰਖਿਆ ਬਹੁਤ ਘੱਟ ਹੈ। ਅਜਿਹੀ ਸਥਿਤੀ ਵਿੱਚ ਜੀਵਿਤ ਲਿਵਰ ਡੋਨਰ ਟ੍ਰਾਂਸਪਲਾਂਟ ਮਰੀਜ਼ ਦੀ ਜ਼ਿੰਦਗੀ ਬਚਾਉਣ ਲਈ ਇੱਕ ਸੁਰੱਖਿਅਤ ਅਤੇ ਸਫਲ ਵਿਕਲਪ ਹੈ। ਇਹ ਸਿਰਫ਼ ਇੱਕ ਚਿਕਿਤਸਕ ਪ੍ਰਕਿਰਿਆ ਹੀ ਨਹੀਂ, ਸਗੋਂ ਆਪਣੇ ਪਿਆਰੇ ਨੂੰ ਜ਼ਿੰਦਗੀ ਦਾ ਅਨਮੋਲ ਤੋਹਫ਼ਾ ਦੇਣ ਦੇ ਬਰਾਬਰ ਹੈ।"

## ਜਤਿੰਦਰ ਕੁਮਾਰ ਰਿੰਕੂ ਖੱਤਰੀ ਅਰੋੜਾ ਵੈੱਲਫੇਅਰ ਬੋਰਡ ਵਿਧਾਨ ਸਭਾ ਹਲਕਾ ਫਿਲੌਰ ਦੇ ਚੇਅਰਮੈਨ ਨਿਯੁਕਤ



**ਫਿਲੌਰ/ਅੱਪਰਾ, 17 ਜੁਲਾਈ (ਦੀਪਾ)**-ਕਸਬਾ ਅੱਪਰਾ ਦੇ ਵਸਨੀਕ ਤੇ ਉੱਘੇ ਸਮਾਜ ਸੇਵਕ ਸ੍ਰੀ ਜਤਿੰਦਰ ਕੁਮਾਰ ਰਿੰਕੂ ਨੂੰ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵਲੋਂ ਖੱਤਰੀ ਅਰੋੜਾ ਵੈੱਲਫੇਅਰ ਬੋਰਡ ਵਿਧਾਨ ਸਭਾ ਹਲਕਾ ਫਿਲੌਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਸ੍ਰੀ ਜਤਿੰਦਰ ਕੁਮਾਰ ਰਿੰਕੂ ਨੇ ਸਮੂਹ ਆਮ ਆਦਮੀ ਪਾਰਟੀ ਦੀ ਹਾਈਕਮਾਂਡ, ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਤੇ ਹਲਕਾ ਇੰਚਾਰਜ ਹਰਜੋਤ ਲੋਹਟੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨਾਂ ਅੱਗੇ ਕਿਹਾ ਕਿ ਉਹ ਖੱਤਰੀ ਅਰੋੜਾ ਭਾਈਚਾਰੇ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਰ ਸੰਭਵ ਯਤਨ ਕਰਨਗੇ। ਸ੍ਰੀ ਜਤਿੰਦਰ ਕੁਮਾਰ ਰਿੰਕੂ ਨੇ ਅੱਗੇ ਬੋਲਦਿਆਂ ਕਿਹਾ ਕਿ ਖੱਤਰੀ ਅਰੋੜਾ ਭਾਈਚਾਰੇ ਦੇ ਲੋਕਾਂ ਨੂੰ ਸਮਾਜ ਵਿੱਚ ਹੋਰ ਅੱਗੇ ਵਧਣ ਲਈ ਨਿਰੰਤਰ ਤੇ ਬਿਹਤਰ ਮੌਕੇ ਪ੍ਰਦਾਨ ਕੀਤੇ ਜਾਣਗੇ।

## ਇਨਰ ਵ੍ਹੀਲ ਕਲੱਬ ਲੁਧਿਆਣਾ ਮਿਡਟਾਊਨ ਨੇ ਇੱਕ ਬੱਚੀ ਦੀ ਸਕੂਲ ਫੀਸ ਅਤੇ ਕਿਤਾਬਾਂ ਦਾ ਜਿੰਮਾ ਚੁੱਕਿਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਮੇਸ਼ਾਂ ਦੀ ਤਰ੍ਹਾਂ ਇਨਰ ਵ੍ਹੀਲ ਕਲੱਬ ਲੁਧਿਆਣਾ ਮਿਡਟਾਊਨ, ਸਮਾਜ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਅੱਗੇ ਵਧਾਉਂਦੇ ਹੋਏ, ਇੱਕ ਲੋੜਵੰਦ ਕੁੜੀ ਦੀ ਸਿੱਖਿਆ ਨੂੰ ਸਪਾਂਸਰ ਕੀਤਾ ਹੈ। ਕਲੱਬ ਦੀ ਪ੍ਰਧਾਨ ਸ਼੍ਰੀਮਤੀ ਨਿਸ਼ਾ ਸ਼ਰਮਾ ਅਤੇ ਸੰਪਾਦਕ ਸ਼੍ਰੀਮਤੀ ਸੁਲੇਖਾ ਸਚਦੇਵਾ ਨੇ ਇਸ ਨੇਕ ਕੰਮ ਨੂੰ ਆਪਣੇ ਸਾਧਨਾਂ ਵਿੱਚੋਂ ਸਮਰਥਨ ਦਿੱਤਾ । ਕਲੱਬ ਨੇ ਪੂਰੇ ਸਾਲ ਲਈ ਕੁੜੀ ਦੀ ਸਕੂਲ ਫੀਸ ਅਤੇ ਪਾਠ




ਪੁਸਤਕਾਂ ਦਾ ਭੁਗਤਾਨ ਕਰਨ ਦਾ ਬੀੜਾ ਚੁੱਕਿਆ ਹੈ ਅਤੇ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ ਹੈ। ਕਲੱਬ ਨੇ ਸਾਲ ਭਰ ਕੁੜੀ ਦੀ ਸਿੱਖਿਆ ਦਾ ਸਮਰਥਨ ਜਾਰੀ ਰੱਖਣ ਦਾ ਵਾਅਦਾ ਕੀਤਾ ਹੈ, ਇਹ ਯ ਕ ੀ ਨ ੀ ਬਣਾਉਂਦੇ ਹੋਏ ਕਿ ਵਿੱਤੀ ਰ੍ ਕ ਾ ਵ ਟ ਾਂ ਉਸਦੀ ਪੜ੍ਹਾਈ ਵਿੱਚ ਰੁਕਾਵਟ ਨਾ ਬਣਨ।

# ਵਿਸ਼ੂ ਰਾਣਾ ਨੇ ਰਾਜਪੂਤ ਵੈਲਫੇਅਰ ਬੋਰਡ ਹਲਕਾ ਬਲਾਚੌਰ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਪੰਜਾਬ ਸਰਕਾਰ ਦਾ ਕੀਤਾ ਧੰਨਵਾਦ

**ਬਲਾਚੌਰ , 17 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਵਿਸ਼ੂ ਰਾਣਾ ਨੇ ਰਾਜਪੂਤ ਵੈਲਫੇਅਰ ਬੋਰਡ ਹਲਕਾ ਬਲਾਚੌਰ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। ਆਪਣੀ ਨਿਯੁਕਤੀ 'ਤੇ ਖੁਸ਼ੀ ਅਤੇ ਧੰਨਵਾਦ ਪ੍ਰਗਟ ਕਰਦਿਆਂ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਰੂਪਨਗਰ ਦੇ ਵਿਧਾਇਕ ਸੰਤੋਸ਼ ਕਟਾਰੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਅਤੇ ਪੰਜਾਬ ਸਰਕਾਰ ਨੇ ਉਨ੍ਹਾਂ 'ਤੇ ਜੋ ਭਰੋਸਾ ਪ੍ਰਗਟਾਇਆ ਹੈ, ਉਹ ਉਸ ਲਈ ਸਦਾ ਰਿਣੀ





ਰਹਿਣਗੇ।
ਵਿਆਹੀ ਰਾਣਾ ਨੇ ਕਿਹਾ ਕਿ ਇਹ ਨਿਯੁਕਤੀ ਉਨ੍ਹਾਂ ਲਈ ਸਿਰਫ਼ ਇੱਕ ਅਹੁਦਾ ਨਹੀਂ, ਸਗੋਂ ਲੋਕਾਂ ਦੀ ਸੇਵਾ ਕਰਨ ਅਤੇ ਸਮਾਜ ਦੀ ਭਲਾਈ ਲਈ ਹੋਰ ਵਧੇਰੇ ਸਮਰਪਣ ਨਾਲ ਕੰਮ ਕਰਨ ਦਾ ਮੌਕਾ ਹੈ। ਉਨ੍ਹਾਂ ਕਿਹਾ ਕਿ ਉਹ ਰਾਜਪੂਤ ਵੈਲਫੇਅਰ ਬੋਰਡ ਦੇ ਉਦੇਸ਼ਾਂ ਨੂੰ ਅਮਲੀ ਰੂਪ ਦੇਣ, ਸਮਾਜ ਦੀ ਭਲਾਈ ਲਈ ਕਾਰਜ ਕਰਨ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਪੂਰੀ ਇਮਾਨਦਾਰੀ, ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਆਪਣੀਆਂ ਡਿਊਟੀਆਂ ਨਿਭਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਲਈ ਚਲਾਈਆਂ ਜਾ ਰਹੀਆਂ ਨੀਤੀਆਂ ਅਤੇ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਲਈ ਵੀ ਉਹ ਪੂਰੀ ਵਚਨਬੱਧਤਾ ਨਾਲ ਕੰਮ ਕਰਨਗੇ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਸਮਾਜ ਦੇ ਹਰ ਵਰਗ ਨਾਲ ਮਿਲ ਕੇ ਲੋਕ-ਹਿੱਤ ਦੇ ਕੰਮਾਂ ਨੂੰ ਅੱਗੇ ਵਧਾਉਣ ਅਤੇ ਰਾਜਪੂਤ ਭਾਈਚਾਰੇ ਸਮੇਤ ਸਮੁੱਚੇ ਸਮਾਜ ਦੀ ਭਲਾਈ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।

# ਇਤਿਹਾਸ ਰਚਦੇ ਹੋਏ, ਐਜੂਕੇਸ਼ਨ ਸਕੁਏਅਰ ਦਾ ਵਿਦਿਆਰਥੀ ਆਰੀਅਨ ਗੁਪਤਾ NEET UG 2026 ਦਾ ਆਲ ਇੰਡੀਆ ਟੌਪਰ ਬਣਿਆ

## ਲੁਧਿਆਣਾ ਅਤੇ ਪੰਜਾਬ ਦਾ ਨਾਮ ਰੌਸ਼ਨ ਹੋਇਆ

**ਲੁਧਿਆਣਾ 17 ਜੁਲਾਈ (ਕਰਨੈਲ ਸਿੰਘ ਐੱਮ.ਏ.)** ਆਪਣੀਆਂ ਭਵਿੱਖ ਦੀਆਂ ਯੋਜਨਾਵਾਂ 'ਤੇ ਵਿਚਾਰ ਕਰਦੇ ਹੋਏ, ਆਰੀਅਨ ਨੇ ਕਿਹਾ ਕਿ ਉਸਦਾ ਸੁਪਨਾ ਇੱਕ Enkoloijst ਬਣਨਾ ਹੈ ਤਾਂ ਜੋ ਉਹ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦੀ ਸੇਵਾ ਕਰ ਸਕੇ ਅਤੇ ਦਵਾਈ ਦੇ ਖੇਤਰ ਵਿੱਚ ਸਾਰਥਕ ਯੋਗਦਾਨ ਪਾ ਸਕੇ।

"ਆਰੀਅਨ ਬਚਪਨ ਤੋਂ ਹੀ ਬਹੁਤ ਮਿਹਨਤੀ ਅਤੇ ਅਨੁਸ਼ਾਸਿਤ ਰਿਹਾ ਹੈ" - ਆਰੀਅਨ ਦੇ ਮਾਪਿਆਂ ਨੇ ਆਪਣੀ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ, "ਆਰੀਅਨ ਬਚਪਨ ਤੋਂ ਹੀ ਆਪਣੀ ਪੜ੍ਹਾਈ ਪ੍ਰਤੀ ਬਹੁਤ ਗੰਭੀਰ ਅਤੇ ਅਨੁਸ਼ਾਸਿਤ ਰਿਹਾ ਹੈ। ਉਸਨੇ ਪਹਿਲੀ ਜਮਾਤ ਤੋਂ ਹੀ ਵੱਖ-ਵੱਖ ਓਲੰਪੀਆਡ ਪ੍ਰੀਖਿਆਵਾਂ ਵਿੱਚ ਹਿੱਸਾ ਲਿਆ ਹੈ। ਦਸਵੀਂ ਜਮਾਤ ਵਿੱਚ, ਉਸਨੇ ਕੈਂਬਰਿਜ ਬੋਰਡ ਵਿੱਚ ਗਣਿਤ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕਰਕੇ ਸਾਨੂੰ ਮਾਣ ਦਿਵਾਇਆ। ਅੱਜ, ਉਸਨੇ ਦੇਸ਼ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਾਡੇ ਪਰਿਵਾਰ, ਲੁਧਿਆਣਾ ਅਤੇ ਪੂਰੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਸਾਨੂੰ ਉਸ 'ਤੇ ਬਹੁਤ ਮਾਣ ਹੈ ਅਤੇ ਉਸ ਦੇ ਉੱਜਵਲ ਭਵਿੱਖ ਅਤੇ ਸਫਲ ਜੀਵਨ ਦੀ ਕਾਮਨਾ ਕਰਦੇ ਹਾਂ।" ਐਜੂਕੇਸ਼ਨ ਸਕੁਏਅਰ ਮੈਨੇਜਮੈਂਟ ਨੇ ਇਸ ਇਤਿਹਾਸਕ ਪ੍ਰਾਪਤੀ 'ਤੇ ਸਾਰੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਮਾਣ ਪ੍ਰਗਟ ਕੀਤਾ, ਸੰਸਥਾ ਦੇ ਪ੍ਰਬੰਧਨ ਨੇ ਕਿਹਾ ਕਿ ਇਹ ਨਤੀਜਾ ਸਾਲਾਂ ਦੀ ਯੋਜਨਾਬੱਧ ਤਿਆਰੀ, ਤਜਰ-ਬੇਕਾਰ ਫੈਕਲਟੀ, ਨਿਯਮਤ ਟੈਸਟਿੰਗ, ਨਿੱਜੀ ਮਾਰਗਦਰਸ਼ਨ ਅਤੇ ਵਿਦਿਆਰਥੀਆਂ ਦੀ ਨਿਰੰਤਰ ਮਿਹਨਤ ਦਾ ਸਿੱਟਾ ਹੈ। ਪ੍ਰਬੰਧਨ ਨੇ ਕਿਹਾ, "ਏਆਈਆਰ 1 ਸਿਰਫ਼ ਇੱਕ ਰੈਂਕ ਨਹੀਂ ਹੈ, ਸਗੋਂ ਸਮਰਪਣ, ਅਨੁਸ਼ਾਸਨ, ਸ਼ਾਨਦਾਰ ਅਧਿਆਪਨ ਅਤੇ ਸਮੂਹਿਕ ਯਤਨਾਂ ਦਾ ਨਤੀਜਾ ਹੈ। ਸਾਨੂੰ ਆਰੀਅਨ ਸਮੇਤ ਆਪਣੇ ਸਾਰੇ ਵਿਦਿਆਰਥੀਆਂ 'ਤੇ ਮਾਣ ਹੈ। ਸਿਰਫ਼ 200 ਵਿਦਿਆਰਥੀਆਂ ਦੇ ਬੈਚ ਵਿੱਚੋਂ, ਦੇਸ਼ ਦੇ ਚੋਟੀ ਦੇ 500 ਵਿਦਿਆਰਥੀਆਂ ਵਿੱਚ ਚਾਰ ਵਿਦਿਆਰਥੀਆਂ ਦਾ ਸਥਾਨ ਪ੍ਰਾਪਤ ਕਰਨਾ ਸਾਡੀ ਪੂਰੀ ਟੀਮ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦਾ ਵਿਸ਼ਾ ਹੈ।" ਇਹ ਪ੍ਰਾਪਤੀ ਸਾਨੂੰ ਆਉਣ ਵਾਲੇ ਸਾਲਾਂ ਵਿੱਚ ਸ਼ਾਨਦਾਰ ਸਿੱਖਿਆ ਪ੍ਰਦਾਨ ਕਰਨ ਲਈ ਪ੍ਰੇਰਿਤ ਕਰਦੀ ਰਹੇਗੀ।" ਐਜੂਕੇਸ਼ਨ ਸਕੁਏਅਰ ਨੇ ਕਈ ਸਾਲਾਂ ਤੋਂ NEET ਅਤੇ JEE ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਲਗਾਤਾਰ ਸ਼ਾਨਦਾਰ ਨਤੀਜੇ ਦਿੱਤੇ ਹਨ। NEET UG 2026 ਵਿੱਚ ਇਹ ਇਤਿਹਾਸਕ ਪ੍ਰਦਰਸ਼ਨ ਉੱਤਰੀ ਭਾਰਤ ਵਿੱਚ ਮੋਹਰੀ ਮੈਡੀਕਲ ਪ੍ਰਵੇਸ਼ ਪ੍ਰੀਖਿਆ ਸੰਸਥਾਵਾਂ ਵਿੱਚੋਂ ਇੱਕ ਵਜੋਂ ਸੰਸਥਾ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਦਾ ਹੈ।

NEET UG 2026 ਵਿੱਚ ਐਜੂਕੇਸ਼ਨ ਸਕੁਏਅਰ ਦੇ ਮੁੱਖ ਨਤੀਜੇ
ਆਰੀਅਨ ਗੁਪਤਾ - AIR 1
ਦਿਵਿੱਤ ਜੈਨ - AIR 79
ਦੀਆ ਜੈਨ - AIR 163
ਸਰਤਾਜ ਸਿੰਘ AIR 489



ਜਦੋਂ ਦੇਸ਼ ਭਰ ਵਿੱਚ ਲਗਭਗ 2.2 ਮਿਲੀਅਨ ਵਿਦਿਆਰਥੀ ਡਾਕਟਰ ਬਣਨ ਦੇ ਸੁਪਨੇ ਨਾਲ ਪ੍ਰੀਖਿਆ ਦਿੰਦੇ ਹਨ, ਤਾਂ ਸਿਰਫ਼ 200 ਵਿਦਿਆਰਥੀਆਂ ਦੇ ਬੈਚ ਵਿੱਚੋਂ ਚਾਰ ਵਿਦਿਆਰਥੀਆਂ ਨੇ ਦੇਸ਼ ਦੇ ਸਿਖਰਲੇ 500 ਵਿੱਚ ਸਥਾਨ ਪ੍ਰਾਪਤ ਕਰਨਾ ਸਿਰਫ਼ ਇੱਕ ਨਤੀਜਾ ਨਹੀਂ ਹੈ, ਸਗੋਂ ਸ਼ਾਨਦਾਰ ਸਿੱਖਿਆ ਅਤੇ ਸਮਰਪਿਤ ਮਾਰਗਦਰਸ਼ਨ ਦੀ ਇੱਕ ਜੀਵਤ ਉਦਾਹਰਣ ਹੈ। ਸਿਰਫ਼ 200 ਵਿਦਿਆਰਥੀਆਂ ਦੇ ਬੈਚ ਵਿੱਚੋਂ ਚਾਰ ਵਿਦਿਆਰਥੀਆਂ ਨੇ ਦੇਸ਼ ਦੇ ਸਿਖਰਲੇ 500 ਵਿੱਚ ਸਥਾਨ ਪ੍ਰਾਪਤ ਕਰਨਾ ਐਜੂਕੇਸ਼ਨ ਸਕੁਏਅਰ ਲਈ ਇੱਕ ਇਤਿਹਾਸਕ ਪ੍ਰਾਪਤੀ ਹੈ। ਲੁਧਿਆਣਾ ਪੰਜਾਬ ਨੂੰ ਇਸ ਤੱਥ 'ਤੇ ਮਾਣ ਹੈ ਕਿ ਐਜੂਕੇਸ਼ਨ ਸਕੁਏਅਰ, ਲੁਧਿਆਣਾ, ਰੈਗੂਲਰ ਕਲਾਸਰੂਮ ਦੇ ਵਿਦਿਆਰਥੀ ਆਰੀਅਨ ਗੁਪਤਾ ਨੇ NEET UG 2026 ਦੀ ਪ੍ਰੀਖਿਆ ਵਿੱਚ ਆਲ ਇੰਡੀਆ ਰੈਂਕ (AIR) 1 ਪ੍ਰਾਪਤ ਕੀਤਾ ਹੈ, ਜਿਸ ਨਾਲ ਦੇਸ਼ ਭਰ ਵਿੱਚ ਪਹਿਲਾ ਸਥਾਨ ਪ੍ਰਾਪਤ ਹੋਇਆ ਹੈ। ਲਗਭਗ 2.2 ਮਿਲੀਅਨ ਉਮੀਦਵਾਰਾਂ ਵਿੱਚੋਂ ਇਹ ਪ੍ਰਾਪਤੀ ਨਾ ਸਿਰਫ਼ ਲੁਧਿਆਣਾ ਲਈ ਸਗੋਂ ਪੂਰੇ ਪੰਜਾਬ ਲਈ ਮਾਣ ਵਾਲੀ ਗੱਲ ਹੈ।ਐਜੂਕੇਸ਼ਨ ਸਕੁਏਅਰ ਦੇ ਵਿਦਿਆਰਥੀਆਂ ਨੇ ਇਸ ਸਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ, ਪ੍ਰਭਾਵਸ਼ਾਲੀ ਨਤੀਜੇ ਪ੍ਰਾਪਤ ਕੀਤੇ। ਦਿਵਿਤ ਜੈਨ ਨੇ ਅ੍ਹੀ 79, ਦੀਆ ਜੈਨ ਨੇ ਅ੍ਹੀ 163 ਅਤੇ ਸਰਤਾਜ ਸਿੰਘ ਨੇ ਅ੍ਹੀ 489 ਪ੍ਰਾਪਤ ਕੀਤੇ। ਇਸ ਤਰ੍ਹਾਂ, ਸੰਸਥਾ ਦੇ ਚਾਰ ਵਿਦਿਆਰਥੀਆਂ ਨੇ ਚੋਟੀ ਦੇ 500 ਆਲ ਇੰਡੀਆ ਰੈਂਕਾਂ ਵਿੱਚ ਸਥਾਨ ਪ੍ਰਾਪਤ ਕਰਕੇ ਇੱਕ ਨਵਾਂ ਰਿਕਾਰਡ ਸਥਾਪਿਤ ਕੀਤਾ। ਇਸ ਪ੍ਰਾਪਤੀ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਐਜੂਕੇਸ਼ਨ ਸਕੁਏਅਰ ਦੇ NEET ਬੈਚ ਵਿੱਚ ਸਿਰਫ਼ ਲਗਭਗ 200 ਵਿਦਿਆਰਥੀ ਸਨ। ਇਸ ਲਈ, ਦੇਸ਼ ਭਰ ਵਿੱਚ ਲਗਭਗ 2.2 ਮਿਲੀਅਨ ਉਮੀਦਵਾਰਾਂ ਵਿੱਚੋਂ, ਸਿਰਫ਼ 200 ਵਿਦਿਆਰਥੀਆਂ ਦੇ ਬੈਚ ਵਿੱਚੋਂ ਚਾਰ ਵਿਦਿਆਰਥੀਆਂ ਨੇ ਚੋਟੀ ਦੇ 500 ਵਿੱਚ ਸਥਾਨ ਪ੍ਰਾਪਤ ਕੀਤਾ ਹੈ, ਇਹ ਇੱਕ ਦੁਰਲੱਭ ਅਤੇ ਅਸਾਧਾਰਨ ਪ੍ਰਾਪਤੀ ਹੈ। ਇਹ ਸੰਸਥਾ ਦੀ ਗੁਣਵੱਤਾ ਵਾਲੀ ਸਿੱਖਿਆ, ਵਿਅਕਤੀਗਤ ਮਾਰਗਦਰਸ਼ਨ, ਅਨੁਸ਼ਾਸਿਤ ਅਧਿਐਨ ਵਿਧੀਆਂ ਅਤੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ।

"ਰੀ-ਓਓਠ ਦੂਜੀ ਸੀ "ਮੇਰੇ ਲਈ ਰੱਬ ਵੱਲੋਂ ਮੌਕਾ," ਆਰੀਅਨ ਗੁਪਤਾ ਨੇ ਆਪਣੀ ਸਫਲਤਾ ਬਾਰੇ ਭਾਵੁਕ ਹੋ ਕੇ ਕਿਹਾ। "3 ਮਈ ਨੂੰ ਹੋਈ ਅਸਲ ਓਓਠ ਪ੍ਰੀਖਿਆ ਤੋਂ ਬਾਅਦ, ਮੈਨੂੰ ਲੱਗਾ ਕਿ ਮੈਂ ਆਪਣੀ ਸਮਰੱਥਾ ਅਨੁਸਾਰ ਨਹੀਂ ਰਿਹਾ। ਕੁਦਰਤੀ ਤੌਰ 'ਤੇ, ਨਿਰਾਸ਼ਾ ਹੋਈ। ਜਦੋਂ ਦੁਬਾਰਾ ਓਓਠ ਦਾ ਐਲਾਨ ਕੀਤਾ ਗਿਆ, ਤਾਂ ਮੇਰੇ ਮਨ ਵਿੱਚ ਮਿਸ਼ਰਤ ਭਾਵਨਾਵਾਂ ਸਨ। ਇੱਕ ਪਾਸੇ, ਮੈਨੂੰ ਦੁਬਾਰਾ ਸਖ਼ਤ ਮਿਹਨਤ ਕਰਨੀ ਪਈ, ਪਰ ਦੂਜੇ ਪਾਸੇ, ਮੈਨੂੰ ਆਪਣੀਆਂ ਗਲਤੀਆਂ ਨੂੰ ਸੁਧਾਰਨ ਦਾ ਇੱਕ ਹੋਰ ਮੌਕਾ ਮਿਲਿਆ। ਮੈਂ ਇਸਨੂੰ ਪੂਰੀ ਲਗਨ ਨਾਲ ਸਵੀਕਾਰ ਕੀਤਾ। ਅੱਜ ਪਿੱਛੇ ਮੁੜ ਕੇ ਦੇਖਦਿਆਂ, ਮੈਨੂੰ ਲੱਗਦਾ ਹੈ ਕਿ ਰੱਬ ਨੇ ਜੋ ਵੀ ਕੀਤਾ, ਉਸਨੇ ਭਲੇ ਲਈ ਕੀਤਾ। ਇਸ ਪੂਰੀ ਯਾਤਰਾ ਤੋਂ ਬਾਅਦ, ਰੱਬ ਵਿੱਚ ਮੇਰਾ ਵਿਸ਼ਵਾਸ ਹੋਰ ਵੀ ਮਜ਼ਬੂਤ ਹੋਇਆ ਹੈ, ਅਤੇ ਮੈਂ ਉਸਦੇ ਸਾਰੇ ਆਸ਼ੀਰਵਾਦ ਲਈ ਤਹਿ ਦਿਲੋਂ ਧੰਨਵਾਦੀ ਹਾਂ।" ਆਰੀਅਨ ਨੇ ਆਪਣੀ ਇਤਿਹਾਸਕ ਸਫਲਤਾ ਦਾ ਸਿਹਰਾ ਆਪਣੇ ਵੱਡੇ ਭਰਾ (ਜਿਸਨੇ NEET UG 2025 ਵਿੱਚ AIR 54 ਪ੍ਰਾਪਤ ਕੀਤਾ), ਉਸਦੇ ਮਾਪਿਆਂ, ਐਜੂਕੇਸ਼ਨ ਸਕੁਏਅਰ ਦੇ ਸਾਰੇ ਅਧਿਆਪਕਾਂ ਅਤੇ ਪੂਰੇ ਸਟਾਫ ਨੂੰ ਦਿੱਤਾ। ਉਸਨੇ ਕਿਹਾ ਕਿ ਉਨ੍ਹਾਂ ਦਾ ਵਿਸ਼ਵਾਸ, ਮਾਰਗਦਰਸ਼ਨ ਅਤੇ ਨਿਰੰਤਰ ਸਮਰਥਨ ਉਸਨੂੰ ਇਸ ਮੁਕਾਮ 'ਤੇ ਲੈ ਆਇਆ ਹੈ।

# ਐੱਸ.ਆਈ.ਆਰ.-2026 ਤਹਿਤ ਐਨਿਊਮਰੇਸ਼ਨ ਫਾਰਮ ਇਕੱਤਰ ਕਰਨ ਅਤੇ ਡਿਜੀਟਾਈਜ਼ੇਸ਼ਨ ਲਈ 19 ਜੁਲਾਈ ਨੂੰ ਜ਼ਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ 'ਤੇ ਲੱਗਣਗੇ ਵਿਸ਼ੇਸ਼ ਕੈਂਪ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਚੋਣ ਕਮਿਸ਼ਨ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਗਹਿਰੀ ਸੁਧਾਈ-2026 (ਐੱਸ.ਆਈ.ਆਰ.) ਮੁਹਿੰਮ ਤਹਿਤ 19 ਜੁਲਾਈ, 2026 (ਐਤਵਾਰ) ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਾਰੇ ਪੋਲਿੰਗ ਬੂਥਾਂ 'ਤੇ ਐਨਿਊਮਰੇਸ਼ਨ ਫਾਰਮ ਇਕੱਤਰ ਕਰਨ ਅਤੇ ਉਨ੍ਹਾਂ ਦੇ ਡਿਜੀਟਾਈਜ਼ੇਸ਼ਨ ਕਰਨ ਲਈ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਜਾਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ. ਗੁਲਪ੍ਰੀਤ ਸਿੰਘ ਔਲਖ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਕੈਂਪ ਸਵੇਰੇ 8.00 ਵਜੇ ਤੋਂ ਦੁਪਹਿਰ 2.00 ਵਜੇ ਤੱਕ ਚੱਲਣਗੇ। ਇਸ ਦੌਰਾਨ ਬੂਥ ਲੈਵਲ ਅਫ਼ਸਰ (ਬੀ.ਐੱਲ.ਓ.) ਵੋਟਰਾਂ ਤੋਂ ਐਨਿਊਮਰੇਸ਼ਨ ਫਾਰਮ ਇਕੱਤਰ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਡਿਜੀਟਾਈਜ਼ੇਸ਼ਨ ਦੀ ਪ੍ਰਕਿਰਿਆ ਵੀ ਨਾਲੋ-ਨਾਲ ਨੇਪਰੇ ਚਾੜ੍ਹਨਗੇ। ਇਸੇ ਦੌਰਾਨ ਉਨ੍ਹਾਂ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਕਿ ਭਾਰਤੀ



ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵਿਸ਼ੇਸ਼ ਕੈਂਪਾਂ ਦਾ ਸੁਚਾਰੂ ਸੰਚਾਲਨ ਯਕੀਨੀ ਬਣਾਇਆ ਜਾਵੇ ਅਤੇ ਹਰੇਕ ਯੋਗ ਵੋਟਰ ਤੱਕ ਪਹੁੰਚ ਕਰਕੇ ਵਿਸ਼ੇਸ਼ ਗਹਿਰੀ ਸੁਧਾਈ (ਐੱਸ.ਆਈ.ਆਰ.-2026) ਦੀ ਪ੍ਰਕਿਰਿਆ ਨੂੰ ਨਿਰਧਾਰਿਤ ਸਮਾਂ-ਸੀਮਾ ਅੰਦਰ ਸਫ਼ਲਤਾਪੂਰਵਕ ਮੁਕੰਮਲ ਕੀਤਾ ਜਾਵੇ। ਉਨ੍ਹਾਂ ਹਦਾਇਤਾਂ ਜਾਰੀ ਕਰਦੇ ਹੋਏ ਦੱਸਿਆ ਕਿ ਜਿਨ੍ਹਾਂ ਬੀ.ਐੱਲ.ਓਜ਼ ਨੇ ਆਪਣੇ ਐਨਿਊਮਰੇਸ਼ਨ ਫਾਰਮਾਂ ਦੀ ਡਿਜੀਟਾਈਜ਼ੇਸ਼ਨ ਦਾ ਕੰਮ ਮੁਕੰਮਲ ਕਰ ਲਿਆ ਹੈ, ਉਹ ਹੁਣ ਬੀ.ਐੱਲ.ਓ.-ਬੀ.ਐੱਲ.ਏ. ਮੀਟਿੰਗਾਂ ਤੇ ਧਿਆਨ ਕੇਂਦਰਿਤ ਕਰਨਗੇ ਅਤੇ ਲੋੜ ਅਨੁਸਾਰ ਅਸੰਗਤੀਆਂ ਨਾਲ ਸਬੰਧਤ ਦਸਤਾਵੇਜ਼ਾਂ ਦੀ ਪੜਤਾਲ ਅਤੇ ਪ੍ਰਾਪਤੀ ਨੂੰ ਤਰਜੀਹ ਦੇਣਗੇ।ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਪੋਲਿੰਗ ਬੂਥਾਂ 'ਤੇ ਵੱਡੀ ਗਿਣਤੀ ਵਿੱਚ ਐਨਿਊਮਰੇਸ਼ਨ ਫਾਰਮ ਪ੍ਰਾਪਤ ਹੋ ਚੁੱਕੇ ਹਨ ਪਰ ਡਿਜੀਟਾਈਜ਼ੇਸ਼ਨ ਅਜੇ ਬਾਕੀ ਹੈ, ਉੱਥੇ ਡਿਜੀਟਾਈਜ਼ੇਸ਼ਨ ਦੇ ਕੰਮ ਨੂੰ ਤੇਜ਼ੀ ਨਾਲ ਮੁਕੰਮਲ ਕੀਤਾ ਜਾਵੇ। ਜਿਹੜੇ ਪੋਲਿੰਗ ਬੂਥਾਂ 'ਤੇ ਫਾਰਮਾਂ ਦੀ ਪ੍ਰਾਪਤੀ ਕਰਨੀ ਅਜੇ ਬਾਕੀ ਹੈ, ਉੱਥੇ ਫਾਰਮ ਇਕੱਤਰ ਕਰਨ ਅਤੇ ਡਿਜੀਟਾਈਜ਼ੇਸ਼ਨ ਦੋਵੇਂ ਕੰਮ ਸਮਾਨ ਤਰਜੀਹ ਨਾਲ ਕੀਤੇ ਜਾਣ। ਲੋੜ ਪੈਣ 'ਤੇ ਬੀ.ਐੱਲ.ਓਜ਼ ਨੂੰ ਹਰ ਸੰਭਵ ਪ੍ਰਸ਼ਾਸਨਿਕ ਸਹਾਇਤਾ ਵੀ ਪ੍ਰਦਾਨ ਕੀਤੀ ਜਾਵੇ। ਸ. ਔਲਖ ਨੇ ਜ਼ਿਲ੍ਹੇ ਦੇ ਯੋਗ ਵੋਟਰਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਨੇ ਅਜੇ ਤੱਕ ਆਪਣੇ ਐਨਿਊਮਰੇਸ਼ਨ ਫਾਰਮ ਜਮ੍ਹਾਂ ਨਹੀਂ ਕਰਵਾਏ, ਉਹ 19 ਜੁਲਾਈ ਨੂੰ ਆਪਣੇ ਸੰਬੰਧਿਤ ਬੂਥ ਲੈਵਲ ਅਫ਼ਸਰ ਕੋਲ ਐਨਿਊਮਰੇਸ਼ਨ ਫਾਰਮ ਜਮ੍ਹਾਂ ਕਰਵਾ ਕੇ ਵਿਸ਼ੇਸ਼ ਕੈਂਪ ਦਾ ਲਾਭ ਉਠਾਉਣ, ਤਾਂ ਜੋ ਉਨ੍ਹਾਂ ਦੇ ਵੇਰਵੇ ਨਿਰਧਾਰਿਤ ਪ੍ਰਕਿਰਿਆ ਅਨੁਸਾਰ ਸਮੇਂ ਸਿਰ ਡਿਜੀਟਲ ਰੂਪ ਵਿੱਚ ਦਰਜ ਕੀਤੇ ਜਾ ਸਕਣ।

# ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕੀਤੀ ਜ਼ਿਲ੍ਹਾ ਪੱਧਰੀ ਇਮਪਲੀਮੈਂਟੇਸ਼ਨ ਐਂਡ ਮੋਨੀਟਰਿੰਗ ਕਮੇਟੀ ਦੀ ਮੀਟਿੰਗ

## ਅਧਿਕਾਰੀਆਂ ਨੂੰ ਮਿੱਥੇ ਟੀਚੇ ਸਮੇਂ ਸਿਰ ਪ੍ਰਾਪਤ ਕਰਨ ਦੇ ਦਿੱਤੇ ਨਿਰਦੇਸ਼

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਕੋਆਪਰੇਟਿਵ ਬੈਂਕ ਵੱਲੋਂ ਜ਼ਿਲ੍ਹਾ ਪੱਧਰੀ ਇਮਪਲੀਮੈਂਟੇਸ਼ਨ ਐਂਡ ਮੋਨੀਟਰਿੰਗ ਕਮੇਟੀ (DLIMC) ਦੀ ਮੀਟਿੰਗ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਹੋਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਪ੍ਰਾਇਮਰੀ ਐਗਰੀਕਲਚਰ ਕ੍ਰੈਡਿਟ ਸੋਸਾਇਟੀਜ਼ (ਫਅਛਸ਼) ਦੇ ਕੰਪਿਊਟਰੀਕਰਨ ਸਬੰਧੀ ਕੇਂਦਰ ਸਰਕਾਰ ਦੇ ਪ੍ਰੋਜੈਕਟ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਮਿੱਥੇ ਟੀਚਿਆਂ ਨੂੰ ਸਮੇਂ ਸਿਰ ਪ੍ਰਾਪਤ ਕਰਨ ਨੂੰ ਯਕੀਨੀ ਬਣਾਉਣ। ਮੀਟਿੰਗ ਵਿੱਚ ਪ੍ਰੋਜੈਕਟ ਨਾਲ ਜੁੜੇ ਸਾਰੇ ਵਿਭਾਗਾਂ ਦੇ ਅਧਿਕਾਰੀ ਅਤੇ



ਸੰਬੰਧਿਤ ਏਜੰਸੀਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਮੀਟਿੰਗ ਦੌਰਾਨ PACS ਦੇ ਕੰਪਿਊਟਰੀਕਰਨ ਸਬੰਧੀ ਹੋਈ ਪ੍ਰਗਤੀ, ਬਾਕੀ ਰਹਿੰਦੇ ਕੰਮਾਂ, ਆ ਰਹੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਨਾਲ ਹੀ ਪ੍ਰੋਜੈਕਟ ਨੂੰ ਨਿਰਧਾਰਿਤ ਸਮੇਂ ਅੰਦਰ ਸਫਲਤਾਪੂਰਵਕ ਮੁਕੰਮਲ ਕਰਨ ਲਈ ਲੋੜੀਂਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਤੀਬਾੜੀ ਸਹਿਕਾਰੀ ਸਭਾ ਜਲਦੀ ਤੋਂ ਜਲਦੀ ਕੰਪਿਊਟਰੀਕਰਨ ਨੂੰ ਯਕੀਨੀ ਬਣਾਉਣ। ਬੈਂਕ ਵੱਲੋਂ ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਅਧਿਕਾਰੀਆਂ ਨੂੰ ਸਮੇਂ ਸਿਰ ਹਾਜ਼ਰ ਹੋ ਕੇ ਲੋੜੀਂਦੀ ਜਾਣਕਾਰੀ ਅਤੇ ਪ੍ਰਗਤੀ ਰਿਪੋਰਟ ਸਮੇਤ ਹਾਜ਼ਰੀ ਯਕੀਨੀ ਬਣਾਉਣ ਲਈ ਕਿਹਾ ਗਿਆ।

# ਬੀਤ ਦੇ ਪਿੰਡ ਭਵਾਨੀਪੁਰ ਦੇ ਨੌਜਵਾਨ ਗਨੀ ਦੇ ਕਤਲ ਮਗਰੋਂ ਬਣਿਆ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ, ਪੁਲਿਸ ਹੋਈ ਸਰਗਰਮ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬੀਤ ਇਲਾਕੇ ਦੇ ਪਿੰਡ ਭਵਾਨੀਪੁਰ ਦੇ ਇੱਕ ਨੋਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਮਾਮਲਾ ਕਿਸੇ ਪੁਰਾਣੀ ਰੰਜਿਸ਼ ਨਾਲ ਸੰਬੰਧਿਤ ਦੱਸਿਆ ਜਾ ਰਿਹਾ ਹੈ। ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਦੁਪਹਿਰ ਤਕਰੀਬਨ 12 ਕੁਝ ਵਜੇ ਮਨਜੀਤ ਸਿੰਘ ਉਰਫ ਗਨੀ (ਉਮਰ 27 ਸਾਲ) ਪੁੱਤਰ ਦਿਲਬਾਗ ਸਿੰਘ ਵਾਸੀ ਭਵਾਨੀਪੁਰ ਆਪਣੇ ਇਕ ਹੋਰ ਦੋਸਤ ਸੂਰਜ ਨਿਵਾਸੀ ਅੱਚਲਪੁਰ ਨਾਲ ਪੈਟਰੋਲ ਪੰਪ ਨੇੜੇ ਸੜਕ ਦੇ ਕੰਢੇ ਖੜਾ ਸੀ। ਇੰਨੇ ਨੂੰ ਇੱਕ ਚਿੱਟੇ ਰੰਗ ਦੀ ਸਕਾਰਪੀਓ ਗੱਡੀ ਨੰਬਰ ਪੀ ਬੀ 65 ਏ/ਜੀ 9400 (ਜਿਸ ਵਿੱਚ ਕਰੀਬ ਅੱਧਾ ਦਰਜਨ ਹਥਿਆਰਾਂ ਨਾਲ ਲੈਸ ਨੌਜਵਾਨ ਸਵਾਰ ਸਨ) ਗੱਡੀ ਵਿੱਚ ਆਏ ਤੇ ਸੜਕ ਕਿਨਾਰੇ ਖੜ੍ਹੇ ਗਨੀ ਨੂੰ ਗੱਡੀ ਵਿੱਚ ਜਬਰਦਸਤੀ ਸੁੱਟ ਕੇ ਝੁੱਗੀਆਂ ਅੱਡੇ ਵੱਲ ਨੂੰ ਲੈਣ ਕੇ ਚਲੇ ਗਏ। ਕਰੀਬ ਦੋ ਘੰਟਿਆਂ ਬਾਅਦ ਉਕਤ ਗੱਡੀ ਵਾਲੇ ਨੌਜਵਾਨ ਗਨੀ ਨੂੰ ਜ਼ਖ਼ਮੀ ਹਾਲਤ ਵਿੱਚ ਅੱਡਾ ਝੁੱਗੀਆਂ ਵਿਚ ਬੀਣੇਵਾਲ ਮੇਨ ਰੋਡ ਤੇ ਸੁੱਟ ਕੇ ਫ਼ਰਾਰ ਹੋ ਗਏ। ਘਟਨਾ ਦਾ ਪਤਾ ਲੱਗਣ ਤੇ ਗਨੀ ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਪਹੁੰਚਾਇਆ ਗਿਆ। ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿੱਚ ਉਕਤ ਜ਼ਖ਼ਮੀ ਨੌਜਵਾਨ ਦਮ ਤੋੜ ਗਿਆ।



ਡਾਕਟਰਾਂ ਮੁਤਾਬਕ ਮਿਰਤਕ ਦੇ ਸਿਰ ਦੇ ਖੱਬੇ ਪਾਸੇ ਕੰਨ ਦੇ ਕੋਲ ਤੇਜ਼ਧਾਰ ਹਥਿਆਰ ਦਾ ਨਿਸ਼ਾਨ ਸਮੇਤ ਦੋਵਾਂ ਲੱਤਾਂ ਤੇ ਵੀ ਸੱਟਾਂ ਦੇ ਨਿਸ਼ਾਨ ਹਨ। ਗੋਲੀਆਂ ਲੱਗਣ ਵਾਰੇ ਡਾਕਟਰਾਂ ਦਾ ਕਹਿਣਾ ਹੈ ਕਿ ਸਾਰੀ ਜਾਣਕਾਰੀ ਪੋਸਟਮਾਰਟਮ ਰਿਪੋਰਟ ਆਉਣ ਤੇ ਹੀ ਮਿਲੇਗੀ। ਉਕਤ ਮਾਮਲੇ ਸੰਬੰਧੀ ਨਵੇਂ ਬਣੇ ਐਸ ਪੀ ਦਲਜੀਤ ਸਿੰਘ ਖੱਖ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਕਤ ਨੌਜਵਾਨ ਗਨੀ ਕੁੱਟਮਾਰ ਦੇ ਇੱਕ ਮਾਮਲੇ ਵਿੱਚ ਕੁਝ ਦਿਨ ਪਹਿਲਾਂ ਹੀ ਜੇਲ੍ਹ ਤੋਂ ਜ਼ਮਾਨਤ ਤੇ ਬਾਹਰ ਆਇਆ ਸੀ। ਬਾਕੀ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਜੋ ਵੀ ਤਫਤੀਸ਼ ਵਿੱਚ ਸਾਹਮਣੇ ਆਵੇਗਾ ਉਸ ਮੁਤਾਬਿਕ ਬਣਦੀ ਕਾਰਵਾਈ ਕੀਤੀ ਜਾਵੇਗੀ।

# ਆਓ ਵਾਤਾਵਰਣ ਬਚਾਈਏ

ਘਰ ਵਿੱਚ ਭਾਵੇਂ ਕੰਗਾਲੀ ਹੋਵੇ ।
ਪਰ ਆਸ ਪਾਸ ਹਰਿਆਲੀ ਹੋਵੇ ।
ਆਕਸੀਜਨ ਕਦੇ ਘੱਟ ਨਾ ਹੋਵੇ ;
ਤੇ ਹਰ ਚਿਹਰੇ 'ਤੇ ਲਾਲੀ ਹੋਵੇ ।





ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ
ਜ਼ਿਲ੍ਹਾ ਸੰਗਰੂਰ ।
9914836037

## ਬਾਲ ਕਵਿਤਾ/ ਸੁਪਨੇ

ਸੁਪਨੇ ਭਲਾਂ ਫਿਰ ਕਿਉਂ ਆਉਂਦੇ
ਸੁਪਨਿਆਂ ਵਿਚ ਆ ਸਮਝਾਉਂਦੇ
ਜੋ ਲਿਖਿਆ ਬਸ ਉਹੋ ਮਿਲਣਾ
ਸੁਪਨੇ ਵਾਰੋ ਵਾਰੀ ਸਮਝਾਉਂਦੇ
ਸੁੱਤੇ ਸੁੱਤੇ ਸੰਸਾਰ ਘੁੰਮ ਫਿਰ ਕੇ
ਆਸਮਾਨ ਤਕ ਛੋਹ ਆਉਂਦੇ
ਦੌੜਾਂ ਲਗਾਉਂਦੇ ਪਾਣੀ ਉਤੇ
ਬਣ ਪੰਛੀ ਦੂਰ ਉਡਾਰੀ ਲਾਉਂਦੇ
ਬਸ ਸੌਂ ਜਾਂਦਾ ਬਸ ਇਹੋ ਸੋਚ ਕੇ
ਚੰਗੇ ਮਾੜੇ ਸੁਪਨੇ ਕਿਉਂ ਆਉਂਦੇ
ਕਦੇ ਸੌਂਦਾ ਲੱਗਾਂ ਰੂੜੀਆਂ ਉਤੇ
ਸਪਨੇ ਸ਼ੀਸ਼ ਮਹੱਲਾਂ ਦੇ ਆਉਂਦੇ



ਕਸ਼ਮੀਰੀ ਲਾਲ ਚਾਵਲਾ ਸੰਪਾਦਕ
ਅਦਬੀ ਪਰਿਕਰਮਾ 822 ਕੱਚਾ
ਫਿਰੋਜ਼ਪੁਰ ਰੋਡ ਮੁਕਤਸਰ
152026
9814814791

# ਤੇਰੇ ਨਾ਼ਲ ਰਿਸ਼ਤਾ

1. ਤੈਨੂੰ ਕੀ ਲੱਗਦਾ !
ਪਛਾਣਦਾ ਨਹੀਂ ਮੈਂ ?
ਤੂੰ ਕੀ ਸਮਝਿਆ
ਤੈਨੂੰ ਜਾਣਦਾ ਨਹੀਂ ਮੈਂ ?
ਬਹੁਤਾ ਚਲਾਕ ਨਾ ਬਣ
ਗਮ ਤੇ ਦੁੱਖ ਮਾਣਦਾ ਨਹੀਂ ਮੈਂ ?
ਤੈਨੂੰ ਕੀ ਲੱਗਦਾ !
ਤੇਰੇ ਬਾਰੇ ਕੁਝ ਵੀ ਜਾਣਦਾ ਨਹੀਂ ਮੈਂ ....
2. ਮੁੱਢ ਕਦੀਮ ਤੋਂ ਹੀ ਸੀ
ਸ਼ਾਇਦ ਤੇਰੇ ਨਾ਼ਲ ਮੇਰਾ ਨਾਤਾ ਕੋਈ ,
ਜੋ ਤੂੰ ਬੜੀ ਆਸਾਨੀ ਨਾ਼ਲ ਤੋੜ ਦਿੱਤਾ
ਤੇ ਮੰਨੀ ਨਾ ਮੇਰੀ ਹਰਜੋਈ....
3. ਕੋਲ ਬੈਠਣਾ
ਜ਼ਰੂਰੀ ਨਹੀਂ ਸੀ ,
ਸ਼ਾਇਦ
ਇਹ ਤੇਰੀ ਮਜ਼ਬੂਰੀ ਨਹੀਂ ਸੀ....
4. ਤੇਰੀ ਕਿਸਮਤ ਤੇਰੇ ਨਾ਼ਲ
ਮੇਰੀ ਕਿਸਮਤ ਮੇਰੇ ਨਾ਼ਲ ,
ਤਕਦੀਰ ਆਪਣੀ - ਆਪਣੀ
ਹੋਰ ਸੁਣਾ ਕੀ ਹਾਲ - ਚਾਲ ....?
5. ਬਹੁਤ ਸੋਚਿਆ
ਤੇਰੇ ਬਾਰੇ ,
ਕਿਉਂ ਰਿਹਾ
ਤੇਰੇ ਸਹਾਰੇ....?
6. ਮੇਘ ਨੇ ਤਾਂ
ਗਰਜਣਾ ਹੀ ਸੀ ,
ਗਲਤ ਰਾਹ ਤੋਂ
ਤੂੰ ਹੀ ਮੈਨੂੰ ਵਰਜਣਾ ਸੀ....
7. ਮੰਜ਼ਿਲ ਬਹੁਤ
ਦੂਰ ਸੀ ਮੇਰੀ ,
ਪਰ ਫੋਟੋ
ਬਹੁਤ ਮਸ਼ਹੂਰ ਸੀ ਤੇਰੀ....
8. ਕੀ ਲਿਖਾਂ ਤੇਰੇ ਬਾਰੇ ?
ਅਸੀਂ ਹਰ ਜਿੱਤੀ ਜੰਗ ਹਾਰੇ !
ਕੀਤਾ ਵਿਸ਼ਵਾਸ ਹੀ ਮਾਰ ਗਿਆ
ਹੁਣ ਅਸੀਂ ਹਾਂ ਰੱਬ ਦੇ ਸਹਾਰੇ....
9. ਜ਼ਿੰਦਗੀ ਦੇ ਪੰਨੇ 'ਤੇ
ਲਿਖੀਆਂ ਨੇ ਕੁਝ ਗੱਲਾਂ ,
ਕਈ ਵਾਰ ਜ਼ਿੰਦਗੀ ਇੰਝ ਲੱਗਦੀ
ਜਿਵੇਂ ਸਮੁੰਦਰ ਦੇ ਪਾਣੀ ਦੀਆਂ ਛੱਲਾਂ....
10. ਹਿੰਦੀ ਵਿੱਚ ਉਸਨੇ ਗੱਲ ਕਹੀ
ਪਰ ਗੱਲ ਸੀ ਮਿੱਠੀ ਪੰਜਾਬੀ ਜਿਹੀ ,
ਦੁੱਖ ਇਸ ਗੱਲ ਦਾ ਹੋਇਆ ਮੈਨੂੰ
ਕਿ ਉਸਨੇ ਗੱਲ ਪੰਜਾਬੀ 'ਚ ਕਿਉਂ ਨਾ ਕਹੀ....?



ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ
9478561356

# ਉਹ (ਤੋੜ -ਵਿਛੋੜਾ)

ਉਹ ਜ਼ਿੰਦਗੀ ਸਾਡੀ ਰੋਲ ਗਏ
ਚਾਅ ਪੈਰਾਂ ਹੇਠ ਮਧੋਲ ਗਏ
ਅਸੀਂ ਚਿਰਾਂ ਤੋਂ ਸਾਂਭੀ ਬੈਠੇ ਸੀ
ਸਭ ਭੇਦ ਦਿਲਾਂ ਦੇ ਖੋਲ ਗਏ
ਜੋ ਨਹੀਂ ਵੀ ਬੋਲਣੇ ਬਣਦੇ ਸੀ
ਬੋਲ ਉਹ ਵੀ ਮੂੰਹੋਂ ਬੋਲ ਗਏ
ਹਰ ਰਾਜ਼ ਤੋਂ ਪਰਦਾ ਚੁੱਕ ਦਿੱਤਾ
ਵੱਜ ਚਾਰੇ ਪਾਸੇ ਢੋਲ ਗਏ
ਅਸੀਂ ਫੁੱਲਾਂ ਵਾਂਗੂ ਰੱਖੇ ਸੀ
ਭਾਅ ਕੰਡਿਆਂ ਸਾਨੂੰ ਤੋਲ ਗਏ
ਇਸ਼ਕ ਦੇ ਰਾਹੀਂ ਤੁਰਦਿਆਂ ਦੇ
ਕਿਉਂ ਪੈਰ ਰਾਹਾਂ ਤੋਂ ਡੋਲ ਗਏ
ਸਮਝ ਪਾਏ ਨਾ ਕਿਹੜੀ ਗੱਲੋਂ
ਭੁੱਲ ਸਾਨੂੰ ਗੈਰਾਂ ਕੋਲ ਗਏ
ਅਸੀਂ ਤਾਂ ਅੱਜ ਵੀ ਚਾਹੁੰਦੇ ਹਾਂ
ਪਰ ਉਹ ਹੀ ਕਰ ਮਖੌਲ ਗਏ
'ਲਾਡੀ' ਪਲ ਮੁੜ ਆਉਣੇ ਨਹੀਂ
ਸਾਡੀ ਜ਼ਿੰਦਗੀ ਚੋਂ ਅਣਮੋਲ ਗਏ



ਗੁਰਜਿੰਦਰ ਸਿੰਘ ਸਾਹਦੜਾ
9815302341



# ਸ਼੍ਰੋਮਣੀ ਅਕਾਲੀ ਦਲ (ਬ) ਸਰਕਲ ਅੱਪਰਾ ਦੇ ਸਾਬਕਾ ਪ੍ਰਧਾਨ ਤੇ ਪੰਚਾਇਤ ਮੈਂਬਰ ਜਥੇਦਾਰ ਕੁਲਦੀਪ ਸਿੰਘ ਜੌਹਲ ਨੂੰ ਸਦਮਾ, ਵੱਡੇ ਭਰਾ ਦਾ ਦੇਹਾਂਤ

**ਫਿਲੌਰ/ਅੱਪਰਾ, 17 ਜੁਲਾਈ (ਦੀਪਾ)**-ਸ਼੍ਰੋਮਣੀ ਅਕਾਲੀ ਦਲ (ਬ) ਸਰਕਲ ਅੱਪਰਾ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਪੰਚਾਇਤ ਮੈਂਬਰ ਜਥੇਦਾਰ ਕੁਲਦੀਪ ਸਿੰਘ ਜੌਹਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਵੱਡੇ ਭਰਾ ਸਨ ਅਮਰੀਕ ਸਿੰਘ ਅਚਾਨਕ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨਾਂ ਦੀ ਬੇਵਕਤੀ ਮੌਤ 'ਤੇ ਅਕਾਲੀ ਦਲ ਬਾਦਲ ਦੀ ਸਮੂਹ ਹਾਈ ਕਮਾਂਡ, ਅਹੁਦੇਦਾਰਾਂ ਤੇ ਵਰਕਰਾਂ, ਵੱਖ ਵੱਖ ਰਾਜਨੀਤਿਕ ਪਾਰਟੀਆਂ


Late.S.Amrik Singh Gill

ਦੇ ਆਗੂਆਂ, ਇਲਾਕੇ ਭਰ ਦੇ ਸਰਪੰਚਾਂ, ਪੰਚਾਂ, ਨੰਬਰਦਾਰਾਂ, ਸਮਾਜ ਸੈਵੀ ਸੰਸਥਾਵਾਂ ਤੇ ਸੰਗਠਨਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਜਥੇਦਾਰ ਕੁਲਦੀਪ ਸਿੰਘ ਜੌਹਲ ਦੇ ਵੱਡੇ ਭਰਾ ਸ ਅਮਰੀਕ ਸਿੰਘ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਮਿਤੀ 22 ਜੁਲਾਈ ਦਿਨ ਬੁੱਧਵਾਰ ਨੂੰ ਗੁਰੂਦੁਆਰਾ ਕਲਗੀਧਰ ਸਾਹਿਬ ਅੱਪਰਾ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਹੋਵੇਗੀ।

## ਜ਼ਿਲ੍ਹਾ ਮੈਜਿਸਟਰੇਟ ਨੇ ਪਿੰਡਾਂ ਵਿੱਚ ਠੀਕਰੀ ਪਹਿਰਾ ਲਗਾਉਣ ਦਾ ਹੁਕਮ ਕੀਤਾ ਜਾਰੀ

**ਨਵਾਂਸ਼ਹਿਰ ,17 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੰਚਾਇਤਾਂ ਨੂੰ, ਪੰਜਾਬ ਵਿਲੇਜ ਅਤੇ ਸਮਾਲ ਟਾਊਨ ਪੈਟਰੋਲ ਐਕਟ, 1918 ਦੀ ਧਾਰਾ 3 ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਪੈਂਦੇ ਪਿੰਡਾਂ ਵਿੱਚ ਠੀਕਰੀ ਪਹਿਰਾ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਕੁਝ ਸ਼ਰਾਰਤੀ ਲੋਕਾਂ/ਚੋਰਾਂ ਵਲੋਂ ਚੋਰੀ ਦੀਆਂ ਵਾਰਦਾਤਾਂ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਮਾਲੀ ਨੁਕਸਾਨ ਦਾ ਵੀ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਕਿਸੇ ਤਰ੍ਹਾਂ ਦਾ ਮਾਲੀ ਸੰਪਤੀ ਨੁਕਸਾਨ ਨਾ ਹੋਣ ਵਾਸਤੇ ਜ਼ਿਲ੍ਹੇ ਦੀ



ਹਦੂਦ ਅੰਦਰ ਠੀਕਰੀ ਪਹਿਰਾ ਲਗਾਉਣ ਦੀ ਜ਼ਰੂਰਤ ਹੈ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਜ਼ਿਲ੍ਹੇ ਦੇ ਸਮੂਹ ਪਿੰਡਾਂ ਦੀਆਂ ਸਬੰਧਤ ਪੰਚਾਇਤਾਂ ਰਾਹੀਂ ਇਹ ਹੁਕਮ ਸਖ਼ਤੀ ਨਾਲ ਲਾਗੂ ਕਰਵਾਉਣ ਦੇ ਜ਼ਿੰਮੇਵਾਰ ਹੋਣਗੇ। ਇਹ ਹੁਕਮ 12 ਸਤੰਬਰ 2026 ਤੱਕ ਲਾਗੂ ਰਹੇਗਾ।

## 5994 ਭਰਤੀ ਪੂਰੀ ਕਰਨ ਦੇ ਸਰਕਾਰ ਦੇ ਦਾਅਵੇ ਖੋਖਲੇ – ਅਸ਼ੋਕ ਬਾਵਾ

### ਸਰਕਾਰ 2994 ਬੈਕਲਾਗ ਨਹੀਂ ਕਰ ਰਹੀ ਪੂਰਾ

**ਸੰਗਰੂਰ**
ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਈਟੀਟੀ ਕਾਡਰ ਦੀ 5994 ਭਰਤੀ ਪੂਰੀ ਕਰਨ ਦੇ ਕੀਤੇ ਜਾ ਰਹੇ ਝੂਠੇ ਦਾਅਵੇ ਮਹਿਜ ਖੋਖਲੇ ਹਨ। ਜਦਕਿ 5994 ਭਰਤੀ ਵਿੱਚੋਂ ਸਿਰਫ 3000 ਫਰੈਸ਼ ਅਸਾਮੀਆਂ ਉੱਪਰ ਹੀ ਅਧਿਆਪਕਾਂ ਨੂੰ ਜੁਆਇਨ ਕਰਵਾਇਆ ਗਿਆ ਹੈ ਜਦਕਿ 2994 ਬੈਕਲੋਗ ਅਜੇ ਵੀ ਪੂਰੇ ਦਾ ਪੂਰਾ ਜੁਆਇਨ ਕਰਨ ਤੋਂ ਵਾਂਝਾ ਹੈ। ਇਨਾ ਗੱਲਾਂ ਦਾ ਪ੍ਰਗਟਾਵਾ ਈਟੀਟੀ 5994 ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾਈ ਅਸ਼ੋਕ ਬਾਵਾ, ਕਰਨ ਕੰਬੋਜ, ਜਸਕਰਨ ਸਿੰਘ, ਨਵਦੀਪ ਸਿੰਘ,ਨੇ ਕੀਤਾ।ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਜਾਣ ਬੁਝ ਕੇ 5994 ਭਰਤੀ ਪੂਰੀ ਕਰਨ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਦਕਿ ਸੱਚਾਈ ਇਸ ਤੋਂ ਕੋਹਾਂ ਦੂਰ ਹੈ। ਉਹਨਾਂ ਆਖਿਆ ਕਿ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਈਟੀਟੀ ਕਾਡਰ ਦੀਆਂ 5994 ਅਸਾਮੀਆ ਸਾਲ 2022 ਵਿੱਚ ਕੱਢੀਆਂ ਗਈਆਂ ਸਨ। ਜਿੰਨਾਂ ਵਿੱਚ 3000 ਅਸਾਮੀਆਂ ਫਰੈਸ਼ ਅਤੇ 2994 ਬੈਕਲੋਗ ਦੀਆਂ ਅਸਾਮੀਆਂ ਸਨ। ਪੰਜਾਬ ਸਰਕਾਰ ਨੇ 2023 ਵਿੱਚ ਉਕਤ 5994 ਅਸਾਮੀਆਂ ਸਬੰਧੀ ਪ੍ਰੀਖਿਆ ਲਈ ਸੀ। ਜਿਸ ਮਗਰੋਂ ਉਕਤ ਭਰਤੀ 'ਤੇ ਮਾਨਯੋਗ ਹਾਈਕੋਰਟ ਵਿੱਚ ਵੱਖ'ਵੱਖ ਤਰ੍ਹਾਂ ਦੇ ਕੋਰਟ ਕੇਸ ਲੱਗਣ ਕਰਕੇ ਭਰਤੀ ਲਟਕ ਗਈ। ਇਸ ਮਗਰੋਂ ਇਕ ਅਪ੍ਰੈਲ 2025 ਨੂੰ 3000 ਫਰੈਸ਼ ਅਸਾਮੀਆਂ ਵਿੱਚੋਂ 3000 ਦੇ ਕਰੀਬ ਯੋਗ ਅਧਿਆਪਕਾਂ ਨੂੰ ਜੁਆਇਨ ਕਰਵਾਇਆ ਗਿਆ ਜਦ ਕਿ 2994 ਬੈਕਲੋਗ ਸਾਰੇ ਦਾ ਸਾਰਾ ਬਕਾਇਆ ਹੈ। ਆਗੂਆਂ ਨੇ ਮੰਗ ਕੀਤੀ ਹੈ ਕਿ 2994 ਬੈਕਲੋਗ ਨੂੰ ਡੀ-ਰਿਜਰਵ ਕਰਕੇ ਜਲਦ ਤੋਂ ਜਲਦ ਬਾਕੀ ਰਹਿੰਦੇ ਬੇਰੁਜ਼ਗਾਰ ਅਧਿਆਪਕਾਂ ਨੂੰ ਵੀ ਜੁਆਇਨ ਕਰਵਾਇਆ ਜਾਵੇ। ਆਗੂਆਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਸਰਕਾਰ ਨੇ ਟਾਲ ਮਟੋਲ ਵਾਲੀ ਨੀਤੀ ਅਪਣਾਈ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਬੇਰੁਜ਼ਗ-ਾਰ ਅਧਿਆਪਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**9417422349**

# ਸਰਕਾਰੀ ਅਤੇ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਤੁਰੰਤ ਹਟਾਏ ਜਾਣ: ਕਰਨ ਸਿੰਘ ਰਾਣਾ

### 'ਬੋਹਲ ਦੀ ਰਾਖੀ ਬਕਰੇ ਹਵਾਲੇ ਕਰਾਂਗੇ ਤਾਂ ਨੁਕਸਾਨ ਨਿਸ਼ਚਿਤ ਹੈ', ਨਜਾਇਜ਼ ਕਬਜ਼ਿਆਂ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਹੋਣ ਦਾ ਸੱਦਾ

**ਬਲਾਚੌਰ, 17 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)** : ਮਿਹਨਤ ਨਾਲ ਪੈਦਾ ਕੀਤੀ ਫਸਲ ਦੀ ਰਾਖੀ ਦਾ ਕੰਮ ਜੇਕਰ ਬੱਕਰੇ ਹਵਾਲੇ ਕਰ ਦਿੱਤਾ ਜਾਵੇਗਾ, ਤਾਂ ਨੁਕਸਾਨ ਹੋਣਾ ਬਿਲਕੁਲ ਲਾਜ਼ਮੀ ਹੈ। ਇਸੇ ਤਰ੍ਹਾਂ ਸਰਕਾਰੀ ਅਤੇ ਪੇਂਡੂ ਸਾਂਝੀਆਂ ਜ਼ਮੀਨਾਂ ਨੂੰ ਨਜਾਇਜ਼ ਕਬਜ਼ਿਆਂ ਦੀ ਮਾਰ ਤੋਂ ਬਚਾਉਣ ਲਈ ਆਮ ਲੋਕਾਂ ਦਾ ਖ਼ੁਦ ਜਾਗਰੂਕ ਹੋਣਾ ਸਭ ਤੋਂ ਪਹਿਲੀ ਅਤੇ ਅਹਿਮ ਸ਼ਰਤ ਹੈ। ਇਹਨਾਂ ਗੰਭੀਰ ਵਿਚਾਰਾਂ ਦਾ ਪ੍ਰਗਟਾਵਾ ਸਾਂਝਾ ਕਿਸਾਨ ਮਜ਼ਦੂਰ ਮੋਰਚਾ (ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ) ਦੇ ਜਨਰਲ ਸਕੱਤਰ ਸਾਥੀ ਕਰਨ ਸਿੰਘ ਰਾਣਾ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਜੇਕਰ ਜਨਤਾ ਆਪਣੇ ਹੱਕਾਂ ਅਤੇ ਸਾਂਝੀਆਂ ਜਾਇਦਾਦਾਂ ਪ੍ਰਤੀ ਹੁਣੇ ਸੁਚੇਤ ਨਾ ਹੋਈ, ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੱਡਾ ਸੰਕਟ ਖੜਾ ਹੋ ਜਾਵੇਗਾ।
ਗੱਲਬਾਤ ਨੂੰ ਅੱਗੇ ਤੋਰਦਿਆਂ ਸਾਥੀ ਕਰਨ ਸਿੰਘ ਰਾਣਾ ਨੇ ਖੁਲਾਸਾ ਕੀਤਾ ਕਿ ਪਿੰਡ ਆਸਰੋ ਤੋਂ ਲੈ ਕੇ ਪਿੰਡ ਚਾਹਲ ਤੱਕ 72 ਫੁੱਟੀ ਡਿਫੈਂਸ ਰੋਡ 'ਤੇ ਵੱਡੇ ਪੱਧਰ 'ਤੇ ਨਜਾਇਜ਼ ਕਬਜ਼ੇ ਕੀਤੇ ਗਏ ਹਨ। ਇਸ ਦੇ ਨਾਲ ਹੀ ਪਿੰਡਾਂ ਵਿੱਚ ਸਾਂਝੇ ਕਾਰਜਾਂ ਲਈ ਰਾਖਵੀਆਂ ਰੱਖੀਆਂ ਗਈਆਂ ਜ਼ਮੀਨਾਂ 'ਤੇ ਵੀ ਲਗਾਤਾਰ ਨਜਾਇਜ਼ ਕਬਜ਼ੇ ਹੋ ਰਹੇ ਹਨ, ਜਿਨ੍ਹਾਂ ਨੂੰ ਰੋਕਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ



ਕਿ ਇਹ ਸਰਕਾਰੀ ਜ਼ਮੀਨਾਂ ਡਿਫੈਂਸ ਰੋਡ ਦੇ ਰੂਪ ਵਿੱਚ ਅਤੇ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਪੇਂਡੂ ਵਿਕਾਸ ਤੇ ਸਾਂਝੇ ਕਾਰਜਾਂ ਲਈ ਰਿਜ਼ਰਵ ਰੱਖੀਆਂ ਹੋਈਆਂ ਹਨ। ਜੇਕਰ ਇਹਨਾਂ ਕੀਮਤੀ ਜ਼ਮੀਨਾਂ 'ਤੇ ਇਸੇ ਤਰ੍ਹਾਂ ਨਜਾਇਜ਼ ਕਬਜ਼ੇ ਜਾਰੀ ਰਹੇ, ਤਾਂ ਇੱਕ ਦਿਨ ਇਲਾਕੇ ਵਿੱਚ ਬਹੁਤ ਵੱਡਾ ਸੰਕਟ ਖੜਾ ਹੋ ਜਾਵੇਗਾ ਅਤੇ ਪਿੰਡਾਂ ਦਾ ਸਰਵਪੱਖੀ ਵਿਕਾਸ ਪੂਰੀ ਤਰ੍ਹਾਂ ਰੁਕ ਜਾਵੇਗਾ।
ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਕਿ ਸਰਕਾਰੀ ਅਤੇ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ 'ਤੇ ਹੋ ਰਹੇ ਨਜਾਇਜ਼ ਕਬਜ਼ਿਆਂ ਨੂੰ ਤੁਰੰਤ ਪ੍ਰਭਾਵ ਨਾਲ ਰੋਕਿਆ ਜਾਵੇ ਅਤੇ ਜਿੱਥੇ ਕਿਤੇ ਵੀ ਪਹਿਲਾਂ ਕਬਜ਼ੇ ਹੋ ਚੁੱਕੇ ਹਨ, ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਹਟਾਇਆ ਜਾਵੇ। ਰਾਣਾ ਨੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਅਜਿਹੇ ਨਜਾਇਜ਼ ਕੰਮ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਆਸੀ ਧਿਰਾਂ ਦੀ ਕਥਿਤ ਸ਼ਹਿ ਜਾਂ ਮਿਲੀਭੁਗਤ ਤੋਂ ਬਿਨਾਂ ਅਮਲ ਵਿੱਚ ਨਹੀਂ ਆਉਂਦੇ।ਇਸ ਲਈ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਖ਼ੁਦ ਜਾਗਰੂਕ ਹੋ ਕੇ ਇਸ ਸਮਾਜਿਕ ਬੁਰਾਈ ਵਿਰੁੱਧ ਇੱਕਜੁੱਟ ਹੋਣ ਅਤੇ ਸੰਘਰਸ਼ ਦਾ ਰਾਹ ਅਖਤਿਆਰ ਕਰਨ ਤਾਂ ਜੋ ਇਨ੍ਹਾਂ ਸਾਂਝੀਆਂ ਜ਼ਮੀਨਾਂ ਨੂੰ ਨਜਾਇਜ਼ ਕਬਜ਼ਾਧਾਰੀਆਂ ਦੇ ਚੁੰਗਲ ਵਿੱਚੋਂ ਮੁਕਤ ਕਰਵਾਇਆ ਜਾ ਸਕੇ।
ਇਸ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਨਾਲ ਜ਼ਿਲ੍ਹੇ ਦੇ ਪ੍ਰਮੁੱਖ ਆਗੂ ਕਰਨੈਲ ਸਿੰਘ ਭੱਲਾ ਅਤੇ ਐਡਵੋਕੇਟ ਜਸਪ੍ਰੀਤ ਸਿੰਘ ਬਾਜਵਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਨੇ ਇਸ ਮੁਹਿੰਮ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਾਣਾ ਮੰਡੀ ਬੰਗਾ ਵਿਖੇ 24 ਜੁਲਾਈ ਨੂੰ ਵਿਸ਼ਾਲ ਕੀਰਤਨ ਦਰਬਾਰ ਹੋਵੇਗਾ: ਡਿਪਟੀ ਕਮਿਸ਼ਨਰ

## ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ ਅਤੇ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਮਿੰਦਰ ਸਾਹਿਬ ਵਲੋਂ ਕੀਰਤਨ ਕੀਤਾ ਜਾਵੇਗਾ, ਭਾਈ ਗੁਰਮੀਤ ਸਿੰਘ ਕਥਾ ਵਿਚਾਰ ਕਰਨਗੇ

**ਨਵਾਂਸ਼ਹਿਰ, 17 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਕੀਰਤਨ ਦਰਬਾਰ ਕਰਵਾ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਫਲਸਫੇ ਅਤੇ ਮਹਾਨ ਉਪਦੇਸ਼ਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਦਾਣਾ ਮੰਡੀ, ਬੰਗਾ ਵਿਖੇ 24 ਜੁਲਾਈ (ਸ਼ੁੱਕਰਵਾਰ) ਨੂੰ ਸਵੇਰੇ 9 ਵਜੇ ਤੋਂ 12 ਵਜੇ ਤੱਕ (ਦੁਪਹਿਰ) ਵਿਸ਼ਾਲ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ ਅਤੇ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ ਵਲੋਂ ਕੀਰਤਨ ਕੀਤਾ ਜਾਵੇਗਾ। ਭਾਈ ਗੁਰਮੀਤ ਸਿੰਘ ਕਥਾ ਵਿਚਾਰ ਕਰਨਗੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੂਰਾ ਸਾਲ ਵੱਖ-ਵੱਖ ਹੋਰ ਵੀ ਪ੍ਰੋਗਰਾਮ ਕੀਤੇ ਜਾਣਗੇ। ਜਿਸ ਅਧੀਨ ਖਾਸ ਤੌਰ ਉਤੇ ਸ੍ਰੀ ਗੁਰੂ ਰਵਿਦਾਸ ਮਹਾਰ-



ਾਜ ਜੀ ਦੇ 650ਵੇਂ ਨੂੰ ਸਮਰਪਿਤ ਜਿਲ੍ਹੇ ਵਿੱਚ 6.5 ਲੱਖ ਬੂਟੇ ਲਗਾਏ ਜਾਣਗੇ। ਇਸ ਦੇ ਨਾਲ ਹੀ ਸਕੂਲਾਂ ਅਤੇ ਕਾਲਜਾਂ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਧਾਰਮਿਕ ਵਿਚਾਰਾਂ ਨੂੰ ਵਿਦਿਆਰਥੀਆਂ ਤੱਕ ਪਹੁਚਾਉਣ ਲਈ ਸੈਮੀਨਾਰ, ਲੇਖ ਤੇ ਪੇਂਟਿੰਗ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਉਨ੍ਹਾਂ ਇਸ ਮੌਕੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੀਰਤਨ ਦਰਬਾਰ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਲਈ ਸਾਰੇ ਲੋੜੀਂਦੇ ਪ੍ਰਬੰਧ ਵਧੀਆ ਤਰੀਕੇ ਨਾਲ ਮੁਕੰਮਲ ਕੀਤੇ ਜਾਣ। ਸੰਗਤ ਦੀ ਸਹੂਲਤ ਲਈ ਪਾਰਕਿੰਗ, ਪੀਣ ਵਾਲੇ ਪਾਣੀ, ਬੈਠਣ, ਲਾਈਟਾਂ, ਸਾਊਂਡ ਸਿਸਟਮ, ਮੈਡੀਕਲ ਟੀਮਾਂ ਅਤੇ ਐਂਬੂਲੈਂਸ ਦੀ ਸਹੂਲਤ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮਾਨਤਾ, ਭਾਈਚਾਰੇ ਅਤੇ ਸਮਾਜਿਕ ਨਿਆਂ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਸਮੂਹ ਧਾਰਮਿਕ, ਸਮਾਜਿਕ ਅਤੇ ਸਵੈ-ਸੇਵੀ ਸੰਸਥਾਵਾਂ ਸਮੇਤ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਸਮਾਗਮ ਨੂੰ ਸਫਲ ਬਣਾਉਣ ਲਈ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਵੱਧ ਤੋਂ ਵੱਧ ਗਿਣਤੀ ਵਿਚ 24 ਜੁਲਾਈ ਨੂੰ ਵਿਸ਼ਾਲ ਕੀਰਤਨ ਦਰਬਾਰ ਵਿਖੇ ਪਹੁੰਚਣ। ਉਨ੍ਹਾ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਸਬੰਧੀ ਲ ਵਿਸ਼ਾਲ ਕੀਰਤਨ ਦਰਬਾਰ ਉਪਰੰਤ ਸੰਗਤ ਲਈ ਲੰਗਰ ਦੀ ਸੇਵਾ ਵੀ ਕੀਤੀ ਜਾ ਰਹੀ ਹੈ।

# ਪੰਜਾਬ ਸਰਕਾਰ ਵਲੋ ਖੰਨਾ ਵਿਖੇ ਮਨਰੇਗਾ ਕਾਮਿਆਂ 'ਤੇ ਕੀਤਾ ਲਾਠੀਚਾਰਜ ਸ਼ਰਮਨਾਕ : ਐਡਵੋਕੇਟ ਸੂਰਜ ਸਿੰਘ

## ਕਿਹਾ, 'ਬਦਲਾਅ' ਵਾਲੀ ਸਰਕਾਰ ਗਰੀਬਾਂ ਅਤੇ ਮਜ਼ਦੂਰਾਂ ਦੀ ਆਵਾਜ਼ ਨੂੰ ਲਾਠੀਆਂ ਦੇ ਜ਼ੋਰ 'ਤੇ ਦਬਾ ਰਹੀ ਹੈ

**ਹੁਸ਼ਿਆਰਪੁਰ, (ਤਰਸੇਮ ਦੀਵਾਨਾ)** ਪੰਜਾਬ ਦੇ ਖੰਨਾ ਸਹਿਰ ਵਿਖੇ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਮਨਰੇਗਾ ਕਰਮਚਾਰੀਆਂ ਉੱਤੇ ਆਮ ਆਦਮੀ ਪਾਰਟੀ (ਆਪ) ਸਰਕਾਰ ਦੀ ਸ਼ਹਿ 'ਤੇ ਪੁਲਿਸ ਵੱਲੋਂ ਕੀਤੇ ਗਏ ਵਹਿਸ਼ੀਆਨਾ ਲਾਠੀਚਾਰਜ ਅਤੇ ਅੱਥਰੂ ਗੈਸ ਦੇ ਗੋਲੇ ਛੱਡੇ ਜਾਣ ਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਰ.ਟੀ.ਆਈ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸੂਰਜ ਸਿੰਘ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਇਸ ਕਾਰਵਾਈ ਨੂੰ ਲੋਕਤੰਤਰ ਦਾ ਘਾਣ ਦੱਸਦਿਆਂ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ, ਗ਼ੈਰ-ਸੰਵਿਧਾਨਕ ਅਤੇ ਅਣਮਨੁੱਖੀ ਕਰਾਰ ਦਿੱਤਾ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਸੂਰਜ ਸਿੰਘ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਸੇਵਾਵਾਂ ਨੂੰ ਰੈਗੂਲਰ ਕਰਵਾਉਣ ਅਤੇ ਰੁਕੀਆਂ ਹੋਈਆਂ ਤਨਖਾਹਾਂ ਨੂੰ ਜਾਰੀ ਕਰਵਾਉਣ ਦੀ ਮੰਗ ਨੂੰ ਲੈ ਕੇ ਮਨਰੇਗਾ ਮੁਲਾਜ਼ਮ ਸੜਕਾਂ 'ਤੇ ਉੱਤਰਨ ਲਈ ਮਜਬੂਰ ਹਨ। ਆਪਣੇ ਹੱਕ ਮੰਗਣਾ ਦੇਸ਼ ਦੇ ਹਰ ਨਾਗਰਿਕ ਦਾ ਸੰਵਿਧਾਨਕ



ਅਧਿਕਾਰ ਹੈ, ਪਰ 'ਬਦਲਾਅ' ਦੇ ਨਾਂ 'ਤੇ ਸੱਤਾ ਵਿੱਚ ਆਈ ਭਗਵੰਤ ਮਾਨ ਸਰਕਾਰ ਗਰੀਬ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀ ਆਵਾਜ਼ ਨੂੰ ਲਾਠੀਆਂ ਅਤੇ ਅੱਥਰੂ ਗੈਸ ਦੇ ਜ਼ੋਰ ਨਾਲ ਦਬਾਉਣਾ ਚਾਹੁੰਦੀ ਹੈ। ਆਪ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ ਅਤੇ ਹੁਣ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਜਬਰ ਦਾ ਸਹਾਰਾ ਲੈ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਖੰਨਾ ਵਿਖੇ ਹੋਏ ਇਸ ਲਾਠੀਚਾਰਜ ਦੌਰਾਨ ਕਈ ਮਹਿਲਾ ਮੁਲਾਜ਼ਮਾਂ ਸਮੇਤ ਦਰਜਨਾਂ ਪ੍ਰਦਰਸ਼ਨਕਾਰੀ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ, ਕਈਆਂ ਦੀਆਂ ਤਾ ਪੱਗਾਂ ਤੱਕ ਰੋਲੀਆਂ ਗਈਆਂ, ਜੋ ਕਿ ਬਹੁਤ ਹੀ ਸ਼ਰਮਨਾਕ ਅਤੇ ਨਿੰਦਣਯੋਗ ਹੈ। ਐਡਵੋਕੇਟ ਸੂਰਜ ਸਿੰਘ ਨੇ ਸਵਾਲ ਉਠਾਇਆ ਕਿ ਕੀ ਆਪਣੇ ਹੱਕਾਂ ਦੀ ਮੰਗ ਕਰਨਾ ਕੋਈ ਗੁਨਾਹ ਹੈ, ਜੋ ਸਰਕਾਰ ਨੇ ਗਰੀਬ ਮਨਰੇਗਾ ਕਾਮਿਆਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਅਤੇ ਪਾਣੀ ਦੀਆਂ ਬੁਛਾੜਾਂ ਮਾਰ ਕੇ ਉਨ੍ਹਾਂ ਨੂੰ ਲਹੂ-ਲੁਹਾਨ ਕਰ ਦਿੱਤਾ? ਕੀ ਇਹੀ ਉਹ 'ਬਦਲਾਅ' ਹੈ ਜਿਸਦਾ ਵਾਅਦਾ 'ਆਪ' ਨੇ ਚੋਣਾਂ ਤੋਂ ਪਹਿਲਾਂ ਕੀਤਾ ਸੀ? ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਧੱਕੇਸ਼ਾਹੀ ਦਾ ਡਟ ਕੇ ਵਿਰੋਧ ਕਰਦਾ ਹੈ। ਅਕਾਲੀ ਦਲ ਹਮੇਸ਼ਾ ਗਰੀਬਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਹਿੱਤਾਂ ਲਈ ਲੜਦਾ ਆਇਆ ਹੈ ਅਤੇ ਇਸ ਦੁੱਖ ਦੀ ਘੜੀ ਵਿੱਚ ਪੂਰੀ ਮਜ਼ਬੂਤੀ ਨਾਲ ਮਨਰੇਗਾ ਕਰਮਚਾਰੀਆਂ ਦੇ ਨਾਲ ਖੜ੍ਹਾ ਹੈ। ਐਡਵੋਕੇਟ ਸੂਰਜ ਸਿੰਘ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਜ਼ਖਮੀ ਹੋਏ ਮੁਲਾਜ਼ਮਾਂ ਦਾ ਮੁਫ਼ਤ ਇਲਾਜ ਕਰਵਾਇਆ ਜਾਵੇ, ਗ਼ੈਰ-ਕਾਨੂੰਨੀ ਲਾਠੀਚਾਰਜ ਕਰਨ ਵਾਲੇ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਮਨਰੇਗਾ ਕਾਮਿਆਂ ਦੀਆਂ ਹੱਕੀ ਮੰਗਾਂ ਨੂੰ ਤੁਰੰਤ ਪ੍ਰਵਾਨ ਕਰਕੇ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇ।

# ਪ੍ਰਦੀਪ ਕੁਮਾਰ ਧੀਮਾਨ (ਰਾਮਾਂ) ਬਣੇ 'ਰਾਮਗੜ੍ਹੀਆ ਭਲਾਈ ਬੋਰਡ' ਦੇ ਚੇਅਰਮੈਨ, ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਵਰਕਰਾਂ ਵੱਲੋਂ ਹਾਰਦਿਕ ਵਧਾਈ

**ਬਲਾਚੌਰ, 17 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਆਮ ਆਦਮੀ ਪਾਰਟੀ ਵੱਲੋਂ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰਦਿਆਂ ਹਲਕਾ ਬਲਾਚੌਰ ਦੇ ਸੀਨੀਅਰ ਅਤੇ ਮਿਹਨਤੀ 'ਆਪ' ਆਗੂ ਪ੍ਰਦੀਪ ਕੁਮਾਰ ਨੂੰ ਇੱਕ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਾਰਟੀ ਹਾਈਕਮਾਂਡ ਅਤੇ ਸਰਕਾਰ ਵੱਲੋਂ ਪ੍ਰਦੀਪ ਕੁਮਾਰ ਧੀਮਾਨ (ਰਾਮਾਂ) ਨੂੰ 'ਰਾਮਗੜ੍ਹੀਆ ਭਲਾਈ ਬੋਰਡ' ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਦੀ ਖ਼ਬਰ ਆਉਂਦਿਆਂ ਹੀ ਸਮੁੱਚੇ ਹਲਕੇ ਦੇ ਪਾਰਟੀ ਵਰਕਰਾਂ ਅਤੇ ਰਾਮਗੜ੍ਹੀਆ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਹਲਕੇ ਭਰ ਵਿੱਚ ਜਸ਼ਨ ਦਾ ਮਾਹੌਲ ਬਣਿਆ ਹੋਇਆ ਹੈ।





ਇਸ ਸ਼ਾਨਦਾਰ ਪ੍ਰਾਪਤੀ 'ਤੇ ਹਲਕਾ ਬਲਾਚੌਰ ਤੋਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਨਵ-ਨਿਯੁਕਤ ਚੇਅਰਮੈਨ ਪ੍ਰਦੀਪ ਕੁਮਾਰ ਧੀਮਾਨ (ਰਾਮਾਂ ) ਨੂੰ ਵਿਸ਼ੇਸ਼ ਤੌਰ 'ਤੇ ਹਾਰਦਿਕ ਵਧਾਈ ਦਿੱਤੀ ਹੈ। ਵਿਧਾਇਕਾ ਕਟਾਰੀਆ ਨੇ ਕਿਹਾ ਕਿ ਪਾਰਟੀ ਹਮੇਸ਼ਾ ਜ਼ਮੀਨੀ ਪੱਧਰ 'ਤੇ ਦਿਨ-ਰਾਤ ਲੋਕਾਂ ਦੀ ਸੇਵਾ ਕਰਨ ਵਾਲੇ ਵਫ਼ਾਦਾਰ ਅਤੇ ਇਮਾਨਦਾਰ ਆਗੂਆਂ ਦਾ ਸਨਮਾਨ ਕਰਦੀ ਹੈ। ਉਨ੍ਹਾਂ ਉਮੀਦ ਜਤਾਈ ਕਿ ਪ੍ਰਦੀਪ ਕੁਮਾਰ ਆਪਣੀ ਇਸ ਨਵੀਂ ਅਤੇ ਅਹਿਮ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਲਗਨ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਰਾਮਗੜ੍ਹੀਆ ਭਾਈਚਾਰੇ ਦੀਆਂ ਭਲਾਈ ਸਕੀਮਾਂ ਨੂੰ ਹਰ ਲੋੜਵੰਦ ਤੱਕ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡਣਗੇ। ਚੇਅਰਮੈਨ ਦੀ ਕੁਰਸੀ ਸੰਭਾਲਣ ਦੀ ਖ਼ਬਰ ਤੋਂ ਬਾਅਦ ਪ੍ਰਦੀਪ ਕੁਮਾਰ ਧੀਮਾਨ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ ਹੈ। ਸਥਾਨਕ ਆਗੂਆਂ, ਸਰਪੰਚਾਂ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਇਸ ਫੈਸਲੇ ਲਈ ਮੁੱਖ ਮੰਤਰੀ ਅਤੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਿਯੁਕਤੀ ਨਾਲ ਇਲਾਕੇ ਵਿੱਚ ਪਾਰਟੀ ਨੂੰ ਹੋਰ ਜ਼ਿਆਦਾ ਬਲ ਮਿਲੇਗਾ। ਦੂਜੇ ਪਾਸੇ, ਨਵ-ਨਿਯੁਕਤ ਚੇਅਰਮੈਨ ਪ੍ਰਦੀਪ ਕੁਮਾਰ ਨੇ ਪਾਰਟੀ ਹਾਈਕਮਾਂਡ ਅਤੇ ਵਿਧਾਇਕਾ ਸੰਤੋਸ਼ ਕਟਾਰੀਆ ਦਾ ਤਹਿ ਦਿਲੋਂ ਆਭਾਰ ਪ੍ਰਗਟ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਇਸ ਜ਼ਿੰਮੇਵਾਰੀ 'ਤੇ ਪੂਰਾ ਉਤਰਨਗੇ। ਉਨ੍ਹਾਂ ਕਿਹਾ ਕਿ ਉਹ ਭਾਈਚਾਰੇ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਨ ਅਤੇ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਦਿਨ-ਰਾਤ ਇੱਕ ਕਰਕੇ ਕੰਮ ਕਰਨਗੇ।

# ਬਬਰ ਕਰਮ ਸਿੰਘ ਝਿੰਗੜ ਦੀ ਯਾਦ 'ਚ ਸਮਾਗਮ ਮੌਕੇ ਹੋਈਆਂ ਗੰਭੀਰ ਵਿਚਾਰਾਂ

**ਬੰਗਾ (ਸਤਨਾਮ ਸਿੰਘ ਸਹੁੰਗੜਾ)** ਆਜ਼ਾਦੀ ਸੰਗਰਾਮ ਦੇ ਸ਼ਾਨਾਂਮੱਤੇ ਵਰਕੇ, ਬਬਰ ਅਕਾਲੀ ਲਹਿਰ ਦੇ ਮਹਾਨ ਸ਼ਹੀਦ ਕਰਮ ਸਿੰਘ ਝਿੰਗੜ ਦੀ ਯਾਦ ਨੂੰ ਸਿਜਦਾ ਕਰਦੇ ਹੋਏ ਅੱਜ ਕਸ਼ਮੀਰ ਸਿੰਘ ਝਿੰਗੜ ਦੀ ਅਗਵਾਈ ਹੇਠ ਨਗਰ ਦੇ ਲੋਕਾਂ ਨੇ ਆਪਣੇ ਹੀ ਨਿਵੇਕਲੇ ਅੰਦਾਜ਼ ਵਿੱਚ ਆਪਣੇ ਸਤਿਕਾਰਤ ਸ਼ਹੀਦ ਨੂੰ ਸਿਜਦਾ ਕਰਨ ਦਾ ਉਦਮ ਕੀਤਾ। ਚੇਤੇ ਰਹੇ ਕਿ ਬਬਰ ਕਰਮ ਸਿੰਘ ਕੈਨੇਡਾ ਤੋਂ ਆਏ ਸਨ ਅਤੇ ਬਹੁਤ ਸਾਰੇ ਗਦਰੀ ਦੇਸ਼ ਭਗਤਾਂ ਵਾਂਗ ਉਹਨਾਂ ਨੇ ਵੀ ਗ਼ਦਰ ਲਹਿਰ ਅਤੇ ਫਿਰ ਬੱਬਰ ਅਕਾਲੀ ਲਹਿਰ ਦੇ ਸੁਨਹਿਰੀ ਇਤਿਹਾਸ ਨੂੰ ਹੋਰ ਵੀ ਰੋਸ਼ਨ ਕਰਨ ਲਈ ਆਪਣਾ ਤਨ ਮਨ ਧਨ ਸਭ ਕੁਝ ਪਿਆਰੇ ਵਤਨ ਤੋਂ ਕੁਰਬਾਨ ਕਰ ਦਿੱਤਾ। ਕਸ਼ਮੀਰ ਸਿੰਘ ਝਿੰਗੜ ਨੇ ਅੱਜ ਵੱਖ-ਵੱਖ ਜਥੇਬੰਦੀਆਂ ਦੇ ਝਿੰਗੜਾਂ ਪੁੱਜੇ ਵਫ਼ਦ ਨੂੰ ਉਹ ਜੱਦੀ ਘਰ ਵਿਖਾਇਆ ਜਿੱਥੋਂ ਕਰਮ ਸਿੰਘ ਝਿੰਗੜ ਅਤੇ ਦਲੀਪ ਸਿੰਘ ਗੋਸਲ ਦੋਨਾਂ ਬਬਰ ਦੇਸ਼ ਭਗਤਾਂ ਨੂੰ ਹਕੂਮਤ ਨੇ ਆਪਣੇ ਸੂਹੀਆ ਤੰਤਰ ਰਾਹੀਂ ਗ੍ਰਿਫ਼ਤਾਰ ਕੀਤਾ ਸੀ। ਜੱਥੇਬੰਦੀਆਂ ਦੇ ਨੁਮਾਇੰਦਿਆਂ ਨੇ ਪਿੰਡ ਵਿੱਚ ਬਬਰ ਦੇਸ ਭਗਤ ਦੀ ਯਾਦ ਵਿੱਚ ਬਣਿਆਂ ਪਾਰਕ, ਯਾਦਗਾਰੀ ਬੁੱਤ ਤੋਂ ਇਲਾਵਾ ਕਮਿਊਨਿਟੀ ਸੈਂਟਰ ਵੀ ਦੇਖਿਆ। ਕਸ਼ਮੀਰ ਸਿੰਘ ਦਾ ਪਰਿਵਾਰ ਅੱਗੇ ਹੋ ਕੇ ਕਰਮ ਸਿੰਘ ਦੇ ਮਹਾਨ ਇਤਿਹਾਸ ਨੂੰ ਸਿਜਦਾ ਕਰਦੇ ਹੋਏ ਪਿਛਲੇ ਵਰ੍ਹਿਆਂ ਤੋਂ ਉਹਨਾਂ ਦੀ ਯਾਦ ਤਾਜ਼ਾ ਰੱਖਣ ਲਈ ਹਰ ਸੰਭਵ ਯਤਨ ਕਰਦੇ ਆ ਰਹੇ ਹਨ। ਉਹਨਾਂ ਦੇ ਆਪਣੇ ਜੱਦੀ ਘਰ ਦੀ ਛੱਤ ਦੇ ਉੱਤੇ ਬੱਬਰ ਕਰਮ ਸਿੰਘ



ਸਿੰਘ ਦਾ ਬੁੱਤ ਵੀ ਲਗਾ ਰੱਖਿਆ ਹੈ। ਪਿੰਡ ਦੇ ਗੁਰਦੁਆਰਾ ਸਾਹਿਬ, ਕਮਿਊਨਿਟੀ ਸੈਂਟਰ, ਯਾਦਗਾਰੀ ਪਾਰਕ ਵਰਗੀਆਂ ਥਾਵਾਂ ਤੇ ਲੱਗੇ ਨੋਟਿਸ ਬੋਰਡ ਅਤੇ ਉਹਨਾਂ ਉਪਰ ਲਿਖੇ ਗਏ ਇਤਿਹਾਸਿਕ ਵੇਰਵੇ ਤੋਂ ਇਲਾਵਾ ਸਬੰਧਿਤ ਸ਼ਖ਼ਸੀਅਤਾਂ ਨਾਲ ਗੱਲਬਾਤ ਕਰਨ ਅਤੇ ਵਿਚਾਰ ਚਰਚਾਵਾਂ ਕਰਨ ਉਪਰੰਤ ਇਹ ਗੱਲ ਇਤਿਹਾਸਕ ਤੌਰ ਤੇ ਪ੍ਰਮਾਣਿਕ ਹੋ ਜਾਂਦੀ ਹੈ ਕਿ ਬਰਤਾਨਵੀ ਹਕੂਮਤ ਨੇ ਆਪਣੇ ਸੂਹੀਆ ਤੰਤਰ ਰਾਹੀਂ ਜਾਲ ਵਿਛਾ ਕੇ ਬੱਬਰ ਕਰਮ ਸਿੰਘ ਝਿੰਗੜ ਅਤੇ ਦਲੀਪ ਸਿੰਘ ਗੋਸਲ ਨੂੰ ਵੱਡੇ ਤੜਕੇ ਉਨਾਂ ਦੇ ਘਰੋਂ ਹੀ ਗ੍ਰਿਫ਼ਤਾਰ ਕੀਤਾ ਸੀ। 14 ਮਾਰਚ 1923 ਨੂੰ ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਜਿਕਰ ਯੋਗ ਹੈ ਕਿ ਇੱਕ ਸਤੰਬਰ 1929 ਨੂੰ ਕਰਮ ਸਿੰਘ ਝਿੰਗੜ ਨੇ ਭਗਤ ਸਿੰਘ ਹੋਰਾਂ ਦੇ ਨਾਲ ਭੁੱਖ ਹੜਤਾਲ ਵੀ ਰੱਖੀ ਸੀ। ਵਰਨਣਯੋਗ ਹੈ ਕਿ ਜਿਉਂ ਹੀ ਕਰਮ ਸਿੰਘ ਝਿੰਗੜ ਦੀ ਸਜ਼ਾ ਪੂਰੀ ਹੋਣ ਵਿੱਚ ਸਿਰਫ਼ ਦੋ ਦਿਨ ਬਾਕੀ ਸੀ ਤਾਂ ਇਹ ਖਿਆਲ ਕੀਤਾ ਜਾਂਦਾ ਹੈ ਕਿ ਬਿਮਾਰੀ ਦੀ ਅਵਸਥਾ ਵਿੱਚ ਉਹਨਾਂ ਨੂੰ ਜ਼ਹਿਰ ਦਾ ਟੀਕਾ ਲਾ ਕੇ ਮੁਲਤਾਨ ਜੇਲ ਦੇ ਅੰਦਰ ਹੀ ਸ਼ਹੀਦ ਕਰ ਦਿੱਤਾ ਗਿਆ ਅਤੇ ਵਾਰਸਾਂ ਨੂੰ ਉਹਨਾਂ ਦੀ ਮ੍ਰਿਤਕ ਦੇਹ ਵੀ ਨਹੀਂ ਸੀ ਦਿੱਤੀ। ਕਸ਼ਮੀਰ ਸਿੰਘ ਝਿੰਗੜ ਨੇ ਅੱਜ ਦੇਸ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਕਨਵੀਨਰ ਤੀਰਥ ਰਸੂਲਪੁਰੀ, ਕਮੇਟੀ ਮੈਂਬਰ ਖੁਸ਼ੀ ਰਾਮ ਅਤੇ ਦੇਵ ਰਾਜ ਗੁਣਾਂਚੌਰ, ਜਮਹੂਰੀ ਹੱਕਾਂ ਦੇ ਝੰਡਾਬਰਦਾਰ, ਲੇਖਕ ਅਤੇ ਅਨੁਵਾਦਿਕ ਬੂਟਾ ਸਿੰਘ ਮਹਿਮੂਦਪੁਰ, ਮਲਕੀਤ ਸਿੰਘ ਝਿੰਗੜ ਅਤੇ ਲੋਕ ਗਾਇਕ ਕਲਾਕਾਰ ਧਰਮਿੰਦਰ ਮਸਾਣੀ ਨੂੰ ਕਿਹਾ ਕਿ ਉਹ ਪਰਿਵਾਰ ਦੀ ਤਰਫੋਂ ਗ਼ਦਰੀ ਬਾਬਿਆਂ ਦੇ ਮੇਲੇ ਲਈ ਆਰਥਿਕ ਯੋਗਦਾਨ ਪਾਉਣ ਦੀ ਖੁਸ਼ੀ ਲੈਣਗੇ ਅਤੇ ਪਿੰਡ ਤੋਂ ਜੱਥਾ ਲੈ ਕੇ ਮੇਲੇ ਵਿੱਚ ਵੀ ਸ਼ਾਮਲ ਹੋਣਗੇ। ਇਸ ਵਫ਼ਦ ਅਤੇ ਨਗਰ ਨਿਵਾਸੀ ਲੋਕਾਂ ਨੇ ਬਬਰ ਲਹਿਰ ਦੇ ਸ਼ਹੀਦ ਕਰਮ ਸਿੰਘ ਝਿੰਗੜ, ਦਲੀਪ ਸਿੰਘ ਗੋਸਲ ਅਤੇ ਸਮੁੱਚੀ ਬਬਰ ਅਤੇ ਗ਼ਦਰ ਲਹਿਰ ਦੇ ਅਮਰ ਸ਼ਹੀਦਾਂ ਨੂੰ ਤਹਿ ਦਿਲੋਂ ਸਲਾਮ ਕਰਦਿਆਂ ਅੱਜ ਅਹਿਦ ਲਿਆ ਕਿ ਜਿਨ੍ਹਾਂ ਸਾਮਰਾਜੀ ਧਾੜਵੀਆਂ ਨੂੰ ਮੁਲਕ 'ਚੋਂ ਦਫ਼ਾ ਕਰਨ ਲਈ ਬਬਰ ਅਕਾਲੀ ਯੋਧਿਆਂ ਨੇ ਆਪਣੇ ਲਹੂ ਸੰਗ ਨਵਾਂ ਇਤਿਹਾਸ ਸਿਰਜਿਆ ਉਸ ਉਪਰ ਸਾਬਤ ਕਦਮੀਂ ਤੁਰਨ ਲਈ ਲੋਕਾਂ ਨੂੰ ਆਪਣੇ ਇਤਿਹਾਸ ਬਾਰੇ ਜਾਗਰੂਕ ਕਰਨ ਦੀ ਲੋੜ ਹੈ ਕਿਉਂਕਿ ਅੱਜ ਸਾਮਰਾਜੀ ਅਤੇ ਉਹਨਾਂ ਦੇ ਹਿੱਤਾਂ ਦੀ ਪੂਰਤੀ ਕਰਨ ਵਾਲੀਆਂ ਤਾਕਤਾਂ ਹਰ ਹਰਬਾ ਵਰਤ ਕੇ ਲੋਕਾਂ ਨੂੰ ਲੁੱਟ ਖਸੁੱਟ ਅਤੇ ਜਬਰ ਸਿਤਮ ਦੇ ਕਾਲੇ ਦੌਰ ਵੱਲ ਤੇਜ਼ੀ ਨਾਲ ਧੂਹ ਰਹੀਆਂ ਹਨ।

# ਬਲਾਚੌਰ ਹਲਕੇ ਦੇ ਕਿਸਾਨਾਂ ਲਈ ਵੱਡੀ ਖੁਸ਼ਖਬਰੀ: ਕਾਠਗੜ੍ਹ-ਪਨਿਆਲੀ ਲਿਫਟ ਇਰੀਗੇਸ਼ਨ ਪ੍ਰੋਜੈਕਟ-2 ਦਾ ਕੰਮ ਜੰਗੀ ਪੱਧਰ 'ਤੇ ਜਾਰੀ, 'ਆਪ' ਆਗੂ ਕਰਨਵੀਰ ਕਟਾਰੀਆ ਵੱਲੋਂ ਪਿੰਡ ਨਿੱਘੀ ਵਿਖੇ ਚੱਲ ਰਹੇ ਕਾਰਜਾਂ ਦਾ ਜਾਇਜ਼ਾ

**ਬਲਾਚੌਰ, 17 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ) :** ਹਲਕਾ ਬਲਾਚੌਰ ਦੇ ਲੋਕਾਂ ਅਤੇ ਖਾਸ ਕਰਕੇ ਕਿਸਾਨੀ ਨੂੰ ਸਿੰਚਾਈ ਦੇ ਪਾਣੀ ਦੀ ਸਹੂਲਤ ਦੇਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੀਨੀਅਰ ਆਗੂ ਕਰਨਵੀਰ ਕਟਾਰੀਆ ਵੱਲੋਂ ਅੱਜ ਪਿੰਡ ਨਿੱਘੀ ਵਿਖੇ ਚੱਲ ਰਹੇ 'ਕਾਠਗੜ੍ਹ-ਪਨਿਆਲੀ ਲਿਫਟ ਇਰੀਗੇਸ਼ਨ ਪ੍ਰੋਜੈਕਟ-2' ਦੇ ਸਟੇਜ ਟੂ (ਦੂਜੇ ਪੜਾਅ) ਦੇ ਨਿਰਮਾਣ ਕਾਰਜਾਂ ਦਾ ਉਚੇਚੇ ਤੌਰ 'ਤੇ ਜਾਇਜ਼ਾ ਲਿਆ ਗਿਆ। ਇਸ ਮੌਕੇ ਚੱਲ ਰਹੇ ਕੰਮ ਦਾ ਨਿਰੀਖਣ ਕਰਦਿਆਂ ਕਰਨਵੀਰ ਕਟਾਰੀਆ ਨੇ ਦੱਸਿਆ ਕਿ ਇਲਾਕੇ ਦੇ ਲੋਕਾਂ ਦੀ ਸਹੂਲਤ ਲਈ ਇਹ ਵਿਕਾਸ ਕਾਰਜ ਬਹੁਤ ਹੀ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਉਨ੍ਹਾਂ ਮੌਕੇ ਦੀ ਸਥਿਤੀ ਦਿਖਾਉਂਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਦੇ ਤਹਿਤ ਜ਼ਮੀਨ ਦੇ ਹੇਠਾਂ ਤਕਰੀਬਨ 13 ਮੀਟਰ ਦੀ ਵੱਡੀ ਡੂੰਘਾਈ 'ਤੇ



ਪਾਈਪਲਾਈਨ ਵਿਛਾਉਣ ਦਾ ਕੰਮ ਚੱਲ ਰਿਹਾ ਹੈ, ਜੋ ਕਿ ਤਕਨੀਕੀ ਪੱਖੋਂ ਇੱਕ ਵੱਡੀ ਪ੍ਰਾਪਤੀ ਹੈ।

ਇਸ ਪ੍ਰੋਜੈਕਟ ਦੀਆਂ ਬਾਰੀਕੀਆਂ ਅਤੇ ਤਕਨੀਕੀ ਜਾਣਕਾਰੀ ਸਾਂਝੀ ਕਰਦਿਆਂ ਸੀਨੀਅਰ ਆਗੂ ਕਰਨਵੀਰ ਕਟਾਰੀਆ ਨੇ ਦੱਸਿਆ ਕਿ ਨਹਿਰ ਤੋਂ ਆਉਣ ਵਾਲੀ ਇਸ ਲਾਈਨ ਰਾਹੀਂ ਪਾਣੀ ਨੂੰ ਕਲਾਰ ਵਿਖੇ ਲਿਜਾਇਆ ਜਾਵੇਗਾ, ਜਿੱਥੇ ਇੱਕ ਵਿਸ਼ੇਸ਼ ਡੈਮ (ਸਟੋਰੇਜ ਟੈਂਕ) ਤਿਆਰ ਕੀਤਾ ਜਾ ਰਿਹਾ ਹੈ। ਇਸ ਡੈਮ ਦੀ ਸਮਰੱਥਾ ਇੰਨੀ ਵੱਡੀ ਹੋਵੇਗੀ ਕਿ ਇਸ ਵਿੱਚ ਤਕਰੀਬਨ 4 ਲੱਖ ਲੀਟਰ ਪਾਣੀ ਸਟੋਰ ਕੀਤਾ ਜਾ ਸਕੇਗਾ, ਜੋ ਕਿ ਲੋੜ ਵੇਲੇ ਇਲਾਕੇ ਦੀ ਸਿੰਚਾਈ ਲਈ ਬੇਹੱਦ ਲਾਹੇਵੰਦ ਸਾਬਤ ਹੋਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਨਹਿਰ ਦੀ ਮੌਜੂਦਾ ਸਥਿਤੀ ਤੋਂ ਕਲਾਰ ਦੀ ਉਚਾਈ ਤਕਰੀਬਨ 100 ਮੀਟਰ ਹੈ, ਜੋ ਕਿ ਫੁੱਟਾਂ ਦੇ ਹਿਸਾਬ ਨਾਲ ਸਵਾ 300 ਫੁੱਟ ਦੇ ਕਰੀਬ ਬਣਦੀ ਹੈ। ਇੰਨੀ ਉਚਾਈ 'ਤੇ ਲਿਫਟ ਇਰੀਗੇਸ਼ਨ ਰਾਹੀਂ ਪਾਣੀ ਪਹੁੰਚਾਉਣਾ ਇਲਾਕੇ ਲਈ ਇੱਕ ਇਤਿਹਾਸਕ ਕਦਮ ਹੈ।

ਕਰਨਵੀਰ ਕਟਾਰੀਆ ਨੇ ਹਲਕਾ ਨਿਵਾਸੀਆਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਪ੍ਰੋਜੈਕਟ ਦਾ ਕੰਮ ਬਹੁਤ ਹੀ ਜਲਦੀ ਮੁਕੰਮਲ ਕਰ ਲਿਆ ਜਾਵੇਗਾ ਅਤੇ ਬਿਨਾਂ ਕਿਸੇ ਦੇਰੀ ਦੇ ਹਲਕੇ ਦੇ ਕਿਸਾਨਾਂ ਅਤੇ ਆਮ ਲੋਕਾਂ ਦੇ ਖੇਤਾਂ ਤੱਕ ਸਿੰਚਾਈ ਦਾ ਪਾਣੀ ਪਹੁੰਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ, ਜਿਸ ਨਾਲ ਇਲਾਕੇ ਦੀ ਆਰਥਿਕਤਾ ਅਤੇ ਖੇਤੀਬਾੜੀ ਨੂੰ ਇੱਕ ਨਵੀਂ ਹੱਲਾਸ਼ੇਰੀ ਮਿਲੇਗੀ।

# ਸਿੱਟ (SIT) ਦੀ ਕਾਰਵਾਈ ਆਮ ਆਦਮੀ ਪਾਰਟੀ ਦੇ ਸਿਆਸੀ ਹਿੱਤਾਂ ਤੋਂ ਪ੍ਰੇਰਿਤ, ਸ਼੍ਰੋਮਣੀ ਅਕਾਲੀ ਦਲ ਦੇਵੇਗਾ ਢੁਕਵਾਂ ਜਵਾਬ : ਸੰਜੀਵ ਤਲਵਾੜ

## ਸੁਖਬੀਰ ਬਾਦਲ ਨੂੰ ਸੰਮਨ ਮਿਲਣ ਤੋਂ ਪਹਿਲਾਂ ਹੀ 'ਆਪ' ਦੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਣਾ ਸਿੱਟ ਦੀ ਨਿਰਪੱਖਤਾ 'ਤੇ ਵੱਡਾ ਸਵਾਲ

**ਹੁਸ਼ਿਆਰਪੁਰ 17 ਜੁਲਾਈ ( ਤਰਸੇਮ ਦੀਵਾਨਾ )** - ਚੰਡੀਗੜ੍ਹ ਪੇਸ਼ੀ ਦੌਰਾਨ ਸੁਖਬੀਰ ਬਾਦਲ ਦੇ ਹੱਕ ਵਿੱਚ ਹੁਸ਼ਿਆਰਪੁਰ ਤੋਂ ਵੀ ਸੈਂਕੜੇ ਵਰਕਰ ਹੋਣਗੇ ਸ਼ਾਮਲ

ਹੁਸ਼ਿਆਰਪੁਰ: ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਮੌਜੂਦਾ ਸਿਆਸੀ ਹਾਲਾਤਾਂ ਸਬੰਧੀ ਵਰਕਰਾਂ ਨਾਲ ਇੱਕ ਅਹਿਮ ਬੈਠਕ ਕੀਤੀ। ਬੈਠਕ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਸਿਆਸੀ ਨਿਸ਼ਾਨੇ ਸਾਧੇ।

ਸੰਜੀਵ ਤਲਵਾੜ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਸਿੱਟ (ਸ਼ੀਠ) ਵੱਲੋਂ ਜਾਰੀ ਕੀਤਾ ਗਿਆ ਸੰਮਨ ਅਜੇ ਉਨ੍ਹਾਂ ਤੱਕ ਪਹੁੰਚਿਆ ਵੀ ਨਹੀਂ ਸੀ, ਪਰ ਉਸ ਤੋਂ ਪਹਿਲਾਂ ਹੀ ਉਸ ਦੀ ਕਾਪੀ ਆਮ ਆਦਮੀ ਪਾਰਟੀ ਦੇ ਅਧਿਕਾਰਤ ਸੋਸ਼ਲ ਮੀਡੀਆ ਪੇਜਾਂ 'ਤੇ ਪੋਸਟ ਕਰ ਦਿੱਤੀ ਗਈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਘਟਨਾ ਨਾਲ ਸਿੱਟ ਦੀ ਨਿਰਪੱਖਤਾ 'ਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ ਅਤੇ ਇਹ ਕਾਰਵਾਈ ਸਿਆਸੀ ਮਕਸਦਾਂ ਤੋਂ ਪ੍ਰੇਰਿਤ ਦਿਖਾਈ ਦਿੰਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਸਿਆਸੀ ਬਦਲਾਖੋਰੀ ਦਾ ਲੋਕਤਾਂਤਰਿਕ ਢੰਗ ਨਾਲ ਢੁਕਵਾਂ ਜਵਾਬ ਦੇਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਦਸ ਸਾਲਾਂ ਤੋਂ ਵੱਖ-ਵੱਖ



ਸਰਕਾਰਾਂ ਬੇਅਦਬੀ ਦੇ ਮਾਮਲੇ ਨੂੰ ਲੈ ਕੇ ਸਿਆਸਤ ਕਰਦੀਆਂ ਆ ਰਹੀਆਂ ਹਨ, ਪਰ ਅਸਲ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਉਣ ਦੀ ਬਜਾਏ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਵਿਰੋਧੀ ਧਿਰਾਂ ਨੂੰ ਡਰ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਸਿਆਸੀ ਵਿਕਲਪ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਬਣ ਸਕਦਾ ਹੈ, ਜਿਸ ਕਾਰਨ ਅਜਿਹੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਤਲਵਾੜ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਪਹਿਲਾਂ ਬਣੀਆਂ ਸਾਰੀਆਂ ਜਾਂਚ ਟੀਮਾਂ (SIT) ਨੂੰ ਪੂਰਾ ਸਹਿਯੋਗ ਦਿੱਤਾ ਹੈ ਅਤੇ ਇਸ ਵਾਰ ਵੀ ਉਹ ਜਾਂਚ ਵਿੱਚ ਪੂਰਾ ਸਹਿਯੋਗ ਕਰਨਗੇ। ਪਰ ਉਨ੍ਹਾਂ ਕਿਹਾ ਕਿ ਸੰਮਨ ਦੀ ਕਾਪੀ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਜਨਤਕ ਕਰਨਾ ਗੰਦੀ ਸਿਆਸਤ ਦਾ ਹਿੱਸਾ ਹੈ।ਉਨ੍ਹਾਂ ਐਲਾਨ ਕੀਤਾ ਕਿ 20 ਜੁਲਾਈ ਨੂੰ ਚੰਡੀਗੜ੍ਹ ਵਿੱਚ ਹੋਣ ਵਾਲੀ ਪੇਸ਼ੀ ਦੌਰਾਨ ਸੁਖਬੀਰ ਬਾਦਲ ਦੇ ਸਮਰਥਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹਜ਼ਾਰਾਂ ਵਰਕਰ ਮੌਜੂਦ ਰਹਿਣਗੇ ਅਤੇ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਤੋਂ ਵੀ ਸੈਂਕੜੇ ਵਰਕਰ ਇਸ ਮੌਕੇ 'ਤੇ ਸ਼ਮੂਲੀਅਤ ਕਰਨਗੇ। ਤਲਵਾੜ ਨੇ ਕਿਹਾ ਕਿ ਪੰਜਾਬ ਵਿੱਚ ਚੱਲ ਰਹੀ ਤਾਨਾਸ਼ਾਹੀ ਦਾ ਅੰਤ ਲੋਕਤੰਤਰਿਕ ਤਰੀਕੇ ਨਾਲ ਜਲਦ ਹੋਵੇਗਾ ਅਤੇ ਲੋਕ ਇਸ ਦਾ ਜਵਾਬ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤੋਖ ਸਿੰਘ ਔਜਲਾ (ਜ਼ਿਲ੍ਹਾ ਪ੍ਰਧਾਨ, ਵਪਾਰ ਸੈੱਲ), ਨਰਿੰਦਰ ਸਿੰਘ ਅਤੇ ਸੰਜੀਵ ਥਾਪਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੁਖਵੀਰ ਸਿੰਘ,ਬਲਦੇਵ ਸਿੰਘ, ਦਵਿੰਦਰ ਸਿੰਘ, ਵਿਸ਼ਾਲ, ਅਨਮੋਲ, ਜੋਧ ਸਿੰਘ, ਰਿਸ਼ਵ ਮੱਟੂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਹੋਰ ਸੀਨੀਅਰ ਆਗੂ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

ਫੋਟੋ ਅਜਮੇਰ ਦੀਵਾਨਾ

# ਸ਼ਰੀਰ ਨੂੰ ਨਸ਼ਿਆਂ ਦੇ ਹਵਾਲੇ ਨਾ ਕਰੋ-ਵਾਪਿਸ ਆਉਣ ਦੀ ਉਮੀਦ ਨਹੀਂ :- ਚਮਨ ਸਿੰਘ (ਪ੍ਰੋਜੈਕਟ ਡਾਇਰੈਕਟਰ)







**ਬਲਾਚੌਰ /ਕਾਠਗੜ੍ਹ 17 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਰੈੱਡ ਕਰਾਸ ਨਸ਼ਾ ਪੀੜ੍ਹਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵੱਲੋਂ ਅੱਜ ਸਰਕਾਰੀ ਮਿਡਲ ਸਕੂਲ ,ਪਿੰਡ ਨੀਲੇਵਾੜਾ (ਬਲਾਚੌਰ) ਵਿਖੇ "ਨਸ਼ਾ ਮੁਕਤ ਭਾਰਤ ਅਭਿਆਨ" ਤਹਿਤ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ ਲਗਾਇਆ ਗਿਆ । ਇਸ ਕੈਂਪ ਦੀ ਪ੍ਰਧਾਨਗੀ ਸ਼੍ਰੀਮਤੀ ਅਮਨਦੀਪ ਕੌਰ(ਸਕੂਲ ਇੰਚਾਰਜ) ਨੇ ਕੀਤੀ।

ਇਸ ਮੌਕੇ ਤੇ ਸ਼੍ਰੀ ਚਮਨ ਸਿੰਘ, ਪ੍ਰੋਜੈਕਟ ਡਾਇਰੈਕਟਰ ਨੇ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਸਭ ਤੋਂ ਪਹਿਲਾ ਰੈੱਡ ਕਰਾਸ ਦੀ ਸਥਾਪਨਾ ਦੇ ਬਾਨੀ ਸਰ ਹੈਨਰੀ ਡਿਊਨਾ ਜੀ ਦੇ ਜੀਵਨ ਬਾਰੇ ਵੀ ਚਾਨਣਾ ਪਾਇਆ ਅਤੇ ਪੰਜਾਬ ਰੈੱਡ ਕਰਾਸ ਦੇ ਬਾਨੀ ਭਾਈ ਘਨੱਈਆ ਜੀ ਦੇ ਜੀਵਨ ਬਾਰੇ ਦੱਸਿਆ । ਇਸ ਮੌਕੇ ਤੇ ਉਹਨਾਂ ਨੇ ਬੱਚਿਆ ਨੂੰ ਸਮਝਾਇਆ ਕਿ ਨਸ਼ੇ ਦੀ ਆਦਤ ਬਹੁਤ ਹੀ ਭਿਆਨਕ ਹੈ । ਕਈ ਵਾਰ ਛੋਟੇ ਬੱਚੇ ਵੀ ਅਣਜਾਣਤਾ ਵਿੱਚ ਆ ਕੇ ਨਸ਼ਿਆਂ ਦੀ ਵਰਤੋਂ ਕਰਨ ਲੱਗ ਜਾਦੇ ਹਨ, ਉਨਾਂ ਨੇ ਦੱਸਿਆ ਕਿ ਕਈ ਵਾਰ ਸਕੂਲ ਵਿੱਚ ਪੜ੍ਹਦੇ ਛੋਟੇ ਬੱਚੇ ਤੰਬਾਕੂ ਦੀ ਵਰਤੋਂ ਕਰਨ ਲੱਗ ਜਾਦੇ ਹਨ,ਜਿਸ ਨਾਲ ਕੈਂਸਰ ਵਰਗੀ ਬਿਮਾਰੀ ਹੁੰਦੀ ਹੈ । ਇਸ ਦੇ ਨਾਲ ਬੱਚੇ ਹੋਲੀ ਹੋਲੀ ਛੋਟੇ ਨਸ਼ਿਆਂ ਤੋਂ ਵੱਡੇ ਹੈਰੋਇਨ ਵਰਗੇ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਦੇ ਹਨ । ਨਸ਼ੇ ਦੀ ਵਰਤੋਂ ਨਾਲ ਵਿਅਕਤੀ ਮਾਨਸਿਕ ਅਤੇ ਸਰੀਰਕ ਰੋਗੀ ਹੋ ਜਾਂਦਾ ਹੈ, ਅਤੇ ਵਿਅਕਤੀ ਦਾ ਬੌਧਿਕ ਵਿਕਾਸ ਰੁੱਕ ਜਾਦਾ ਹੈ । ਉਹਨਾਂ ਨੇ ਯੁੱਧ ਨਸ਼ਿਆਂ ਵਿਰੁੱਧ ਅਤੇ ਨਸ਼ਾ ਮੁਕਤ ਭਾਰਤ ਮੁਹਿੰਮ ਬਾਰੇ ਵਿਸਥਾਰਪੂਰਵਕ ਅੰਕੜਿਆਂ ਸਹਿਤ ਜਾਣਕਾਰੀ ਦਿੱਤੀ ।ਉਨਾਂ ਨੇ ਬੱਚਿਆਂ ਦੀ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਸਕੂਲ ਵਿੱਚ ਬੱਚਿਆਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਤਾਂ ਕਿ ਬੱਚਿਆਂ ਤੇ ਖਾਸ ਨਜਰ ਰੱਖੀ ਜਾ ਸਕੇ ਅਤੇ ਉਨਾਂ ਦੀ ਪੜਾਈ ਬਾਰੇ ਵੀ ਜਾਣਕਾਰੀ ਮਿਲਦੇ ਰਹੇ। ਉਨਾਂ ਨੇ ਬੱਚਿਆਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਨੂੰ ਕਿਸੇ ਵੀ ਤਰਾ ਦੀ ਪਰੇਸ਼ਾਨੀ ਆਉਦੀ ਹੈ ਤਾਂ ਸਭ ਤੋਂ ਪਹਿਲਾਂ ਆਪਣੇ ਮਾਤਾ ਪਿਤਾ ਜਾਂ ਅਧਿਆਪਕਾਂ ਨਾਲ ਸਾਝੀ ਕਰਨ ਅਤੇ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਬੱਚਿਆਂ ਨੂੰ ਸਕੂਲ ਦੀ ਪੜਾਈ ਦੇ ਨਾਲ ਨਾਲ ਨਸ਼ਿਆਂ ਬਾਰੇ ਵੀ ਜਾਗਰੂਕ ਕਰਦੇ ਰਹਿਣ। ਉਨਾਂ ਨੇ ਦੱਸਿਆ ਕਿ ਨਸ਼ੇ ਦੀ ਵਰਤੋਂ ਕਰਨ ਵਾਲਾ ਨੌਜਵਾਨ ਉਮਰ ਨਾਲੌਂ ਪਹਿਲਾ ਬਜੁਰਗ ਹੋ ਜਾਂਦ ਹੈ। ਕਿਉਕਿ ਨਸ਼ੇ ਦਾ ਆਦੀ ਨੌਜਵਾਨ ਚੰਗੀ ਖੁਰਾਕ ਨਹੀ ਲੈਦਾ , ਉਹ ਸਿਰਫ ਨਸ਼ੇ ਦੀ ਨਿਰਭਰ ਹੋ ਜਾਦਾ ਹੈ। ਜਿਸ ਨਾਲ ਉਸ ਦਾ ਸਰੀਰਕ ਵਿਕਾਸ ਰੁੱਕ ਜਾਦਾ ਹੈ। ਨਸ਼ੇ ਦੀ ਵਰਤੋਂ ਕਰਨ ਨਾਲ ਚਮੜੀ ਦੇ ਰੋਗ, ਲੀਵਰ ਦੀ ਬਿਮਾਰੀ, ਕਾਲਾ ਪੀਲੀਆ, ਐਚ.ਆਈ .ਵੀ ਏਡਜ ਆਦਿ ਬਿਮਾਰੀਆਂ ਲਗਦੀਆਂ ਹਨ, ਜਿਸ ਨਾਲ ਨੌਜਵਾਨਾਂ ਦੀ ਛੋਟੀ ਉਮਰ ਵਿੱਚ ਹੀ ਮੌਤ ਹੋ ਜਾਦੀ ਹੈ। ਹਰ ਰੋਜ ਪੰਜਾਬ ਵਿੱਚ ਨਸ਼ੇ ਦੀ ਵਰਤੋਂ ਨਾਲ ਚਾਰ ਨੌਜਵਾਨਾਂ ਦੀ ਮੌਤ ਹੁੰਦੀ ਹੈ। ਪੰਜਾਬ ਵਿੱਚ ਨੌਜਵਾਨਾਂ ਦੀ ਮੌਤ ਦਰ ਤੇਜੀ ਨਾਲ ਵੱਧ ਰਹੀ ਹੈ।

ਇਸ ਮੌਕੇ ਤੇ ਸ਼੍ਰੀਮਤੀ ਕਮਲਜੀਤ ਕੌਰ, ਕੌਂਸ਼ਲਰ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਹੁਦਿੰਆਂ ਕਿਹਾ ਤੁਸੀ ਆਪ ਹੀ ਆਪਣੇ ਬੱਚਿਆਂ ਦਾ ਧਿਆਨ ਰੱਖੋ ਤਾਂ ਕਿ ਬੱਚੇ ਮਾੜੀ ਸੰਗਤ ਵਿੱਚ ਰਲ ਕੇ ਨਸ਼ੇ ਦੇ ਆਦੀ ਨਾ ਹੋਣ। ਉਨਾਂ ਨੇ ਕਿਹਾ ਕਿ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਬਹੁਤਾ ਸਮਾਂ ਦੇਣ, ਸਕੂਲਾਂ/ਕਾਲਜਾਂ ਵਿੱਚੋ ਆਪਣੇ ਬੱਚਿਆਂ ਪ੍ਰਤੀ ਜਾਣਕਾਰੀ ਪ੍ਰਾਪਤ ਕਰਨ , ਸੱਭਿਆਚਾਰਕ ਅਤੇ ਗੁਰੂਆਂ- ਪੀਰਾਂ ਤੇ ਦੇਸ਼ ਭਗਤਾਂ ਦੇ ਜੀਵਨ ਸਬੰਧੀ ਪੁਸਤਕਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ । ਉਹਨਾਂ ਨੇ ਕਿਹਾ ਕਿ ਨਸ਼ੇ ਨੂੰ ਛੱਡਣ ਦੀ ਸ਼ੁਰੂਆਤ ਅਸੀ ਆਪਣੇ ਘਰ ਤੋਂ ਕਰੀਏ ਤਾਂ ਜੋ ਸਾਡੇ ਪਰਿਵਾਰ ਦੇ ਨਾਲ ਨਾਲ ਸਮਾਜ, ਪੰਜਾਬ ਅਤੇ ਭਾਰਤ ਦੇਸ਼ ਵੀ ਨਸ਼ਾ ਮੁਕਤ ਹੋਵੇਗਾ ਅਤੇ ਦੁਨੀਆਂ ਨੂੰ ਚੰਗਾ ਸੰਦੇਸ਼ ਜਾਵੇਗਾ । ਇਸ ਮੌਕੇ ਤੇ ਸ਼੍ਰੀ ਵਿਜੇ ਕੁਮਾਰ(ਕੌਂਸਲਰ) ਨੇ ਸੈਂਟਰ ਦੀਆਂ ਗਤੀਵਿਧੀਆਂ ਅਤੇ ਮਰੀਜਾਂ ਦੇ ਮੁਫਤ ਇਲਾਜ ਸਬੰਧੀ ਜਾਣਕਾਰੀ ਸਾਂਝੀ ਕੀਤੀ ਕਿ ਕੋਈ ਵੀ ਨਸ਼ੇ ਦਾ ਆਦੀ ਵਿਅਕਤੀ ਆਪਣੀ ਇੱਛਾ ਅਨੁਸਾਰ ਕੇਂਦਰ ਇੱਕ ਮਹੀਨਾ ਦਾਖਿਲ ਰਹਿ ਕੇ ਮੁਫਤ ਇਲਾਜ ਕਰਵਾ ਸਕਦਾ ਹੈ, ਕਿਉਕਿ ਨਸ਼ਾ ਘਰ ਰਹਿ ਕੇ ਨਹੀਂ ਛੱਡਿਆ ਜਾ ਸਕਦਾ , ਨਸ਼ੇ ਨੂੰ ਛੱਡਣ ਲਈ ਮਨੋਰੋਗਾਂ ਦੇ ਮਾਹਿਰ ਡਾਕਟਰ ਅਤੇ ਨਸ਼ੇ ਛੁਡਾਓ ਕੇਂਦਰਾਂ ਤੱਕ ਪਹੁੰਚ ਕਰਨੀ ਜਰੂਰੀ ਹੈ।

ਇਸ ਮੌਕੇ ਤੇ ਸ਼੍ਰੀਮਤੀ ਅਮਨਦੀਪ ਕੌਰ(ਸਕੂਲ ਇੰਚਾਰਜ) ਨੇ ਰੈੱਡ ਕਰਾਸ ਟੀਮ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਤੇ ਵਿਸ਼ਵਾਸ ਦਵਾਇਆ ਕਿ ਅਸੀਂ ਪਿੰਡ ਵਾਸੀਆਂ ਨਾਲ ਨਸ਼ਿਆਂ ਪ੍ਰਤੀ ਜਾਗਰੂਕਤਾ ਬਾਰੇ ਵਿਚਾਰ ਸਾਂਝੇ ਕਰਦੇ ਰਹਾਂਗੇ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮਾ ਵਿੱਚ ਹਿੱਸਾ ਪਾਉਂਦੇ ਰਹਾਂਗੇ । ਇਸ ਮੌਕੇ ਤੇ ਨਿਰਮਲ , ਮਨਜੀਤ ਕੌਰ, ਕਾਂਤਾ, ਕਮਲਜੀਤਿ ਕੌਰ, ਮਨਜੀਤ ਕੌਰ, ਜਤਿੰਦਰ ਕੌਰ, ਬੰਦਨਾ, ਹਰਬੰਸ ਕੌਰ, ਪਿੰਡ ਵਾਸੀ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਿਰ ਸਨ।

# ਬਲਾਚੌਰ ਕਾਂਗਰਸ 'ਚ ਵੱਡੀ ਸਿਆਸੀ ਹਲਚਲ: ਸੀਨੀਅਰ ਆਗੂ ਧਰਮਪਾਲ ਕਟਾਰੀਆ ਵੱਲੋਂ ਹਾਈਕਮਾਂਡ ਅੱਗੇ ਚੰਨੀ ਨੂੰ ਮੁੱਖ ਚਿਹਰਾ ਬਣਾਉਣ ਦੀ ਮੰਗ, ਬਲਾਚੌਰ ਸੀਟ ਬਾਰੇ ਦਿੱਤਾ ਅਹਿਮ ਬਿਆਨ

**ਬਲਾਚੌਰ, 17 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ)** : ਹਲਕਾ ਬਲਾਚੌਰ ਵਿੱਚ ਕਾਂਗਰਸ ਪਾਰਟੀ ਦੀ ਸਿਆਸੀ ਸਰਗਰਮੀ ਉਸ ਵੇਲੇ ਹੋਰ ਤੇਜ਼ ਹੋ ਗਈ ਜਦੋਂ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਧਰਮਪਾਲ ਕਟਾਰੀਆ ਟੌਂਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਹਾਈਕਮਾਂਡ ਅੱਗੇ ਇੱਕ ਵੱਡੀ ਮੰਗ ਰੱਖ ਦਿੱਤੀ। ਪਿਛਲੇ ਦਿਨੀਂ ਟਕਸਾਲੀ ਕਾਂਗਰਸੀਆਂ ਨੂੰ ਇਕੱਠਾ ਕਰਕੇ ਇੱਕ ਸਫ਼ਲ ਪ੍ਰੈਸ ਕਾਨਫਰੰਸ ਕਰਨ ਵਾਲੇ ਧਰਮਪਾਲ ਕਟਾਰੀਆ ਨੇ ਅੱਜ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਆਉਂਦੇ ਸਮੇਂ ਵਿੱਚ ਪਾਰਟੀ ਦਾ ਮੁੱਖ ਅਤੇ ਲੋਕਪ੍ਰਿਯ ਚਿਹਰਾ ਚਰਨਜੀਤ ਸਿੰਘ ਚੰਨੀ ਦਾ ਹੋਣਾ ਚਾਹੀਦਾ ਹੈ, ਕਿਉਂਕਿ ਆਮ ਲੋਕਾਂ ਵਿੱਚ ਉਹਨਾਂ ਦੀ ਮਕਬੂਲੀਅਤ ਬਹੁਤ ਜ਼ਿਆਦਾ ਹੈ। ਉਹਨਾਂ ਨੇ ਹਾਈਕਮਾਂਡ ਨੂੰ ਅਪੀਲ ਕੀਤੀ ਕਿ ਪਾਰਟੀ ਦੀ ਮਜ਼ਬੂਤੀ ਅਤੇ ਚੋਣਾਂ ਵਿੱਚ ਵੱਡੀ ਸਫ਼ਲਤਾ ਲਈ ਚੰਨੀ ਦੇ ਚਿਹਰੇ ਨੂੰ ਅੱਗੇ ਰੱਖ ਕੇ ਹੀ ਚੋਣ ਮੈਦਾਨ ਵਿੱਚ ਨਿੱਤਰਨਾ ਚਾਹੀਦਾ ਹੈ। ਦੂਜੇ ਪਾਸੇ, ਹਲਕਾ ਬਲਾਚੌਰ ਦੀ ਸਥਾਨਕ ਰਾਜਨੀਤੀ ਅਤੇ ਟਿਕਟ ਦੀ ਦਾਅਵੇਦਾਰੀ ਬਾਰੇ ਗੱਲ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਨੇ ਪਾਰਟੀ ਅੰਦਰ ਇਕਜੁੱਟਤਾ ਦਾ ਇੱਕ ਬਹੁਤ ਵੱਡਾ ਸੁਨੇਹਾ ਦਿੱਤਾ ਹੈ। ਉਹਨਾਂ ਸਪੱਸ਼ਟ ਸ਼ਬਦਾਂ ਵਿੱਚ ਐਲਾਨ ਕੀਤਾ ਕਿ ਬਲਾਚੌਰ ਹਲਕੇ ਦੇ ਵਿੱਚੋਂ ਚਾਹੇ ਮੰਗੂਪੁਰ ਨੂੰ ਟਿਕਟ ਮਿਲੇ ਜਾਂ ਫਿਰ ਪਾਰਟੀ ਹਾਈਕਮਾਂਡ ਕਿਸੇ ਵੀ ਹੋਰ ਆਗੂ ਦੇ ਨਾਮ 'ਤੇ ਮੋਹਰ ਲਗਾਵੇ, ਉਹ ਪਾਰਟੀ ਦੇ ਹਰ ਫੈਸਲੇ ਦਾ ਪੂਰਨ ਸਤਿਕਾਰ ਕਰਨਗੇ।ਉਹਨਾਂ ਦਾਅਵਾ ਕੀਤਾ ਕਿ ਹਲਕੇ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਉਹ ਆਪਣੇ ਸਾਥੀਆਂ ਸਮੇਤ ਤਨ, ਮਨ ਅਤੇ ਧਨ ਨਾਲ ਦਿਨ-ਰਾਤ ਇੱਕ ਕਰ ਦੇਣਗੇ ਅਤੇ ਹਰ ਹਾਲ ਵਿੱਚ ਬਲਾਚੌਰ ਸੀਟ ਜਿੱਤ ਕੇ ਹਾਈਕਮਾਂਡ ਦੀ ਝੋਲੀ ਵਿੱਚ ਪਾਉਣਗੇ। ਧਰਮਪਾਲ ਕਟਾਰੀਆ ਦੇ ਇਸ ਬਿਆਨ ਤੋਂ ਬਾਅਦ ਹਲਕੇ ਦੇ ਟਕਸਾਲੀ ਅਤੇ ਮੌਜੂਦਾ ਕਾਂਗਰਸੀ ਵਰਕਰਾਂ ਵਿੱਚ ਇੱਕ ਨਵਾਂ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਅਤੇ ਰਾਜਨੀਤੀ ਦੇ ਮਾਹਿਰ ਇਸ ਬਿਆਨ ਨੂੰ ਬਲਾਚੌਰ ਕਾਂਗਰਸ ਨੂੰ ਇੱਕਜੁੱਟ ਕਰਨ ਦੀ ਇੱਕ ਵੱਡੀ ਅਤੇ ਸਾਰਥਕ ਕੋਸ਼ਿਸ਼ ਵਜੋਂ ਦੇਖ ਰਹੇ ਹਨ।



# ਭਗਵੰਤ ਮਾਨ ਸਰਕਾਰ ਬਣੀ ਮਨਰੇਗਾ ਮਜ਼ਦੂਰਾਂ ਦੀ ਦੁਸ਼ਮਣ, ਸਰਕਾਰ ਵੱਲੋਂ ਕੀਤਾ ਲਾਠੀ ਚਾਰਜ ਅਤਿ ਨਿੰਦਣ ਯੋਗ - ਐਡਵੋਕੇਟ ਪਲਵਿੰਦਰ ਮਾਨਾ







**ਚੱਬੇਵਾਲ (ਚਰਨਜੀਤ ਸੱਲ੍ਹਾ )**ਕੱਲ ਮਿਤੀ 16-7-2026 ਨੂੰ ਬਸਪਾ ਹਲਕਾ ਚੱਬੇਵਾਲ ਦੇ ਸੈਕਟਰ ਫਗਲਾਣਾ ਅਤੇ ਸੈਕਟਰ ਬਸੀ ਦੌਲਤ ਖਾਂ ਮੀਟਿੰਗਾ ਕੀਤੀਆਂ ਗਈਆਂ ਅਤੇ ਸੈਕਟਰ ਫਗਲਾਨਾ ਦੀ ਮੀਟਿੰਗ ਸਤਿਕਾਰ ਯੋਗ ਸੰਮਤੀ ਮੈਂਬਰ ਹਰਮੇਸ਼ ਕੁਮਾਰ ਰੱਤੂ ਜੀ ਅਤੇ ਵਿਜੇ ਕੁਮਾਰ ਸੈਕਟਰ ਪ੍ਰਧਾਨ ਜੀ ਦੀ ਯੋਗ ਅਗਵਾਈ ਹੇਠ ਕੀਤੀ ਗਈ ੀ ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਐਡਵੋਕੇਟ ਪਲਵਿੰਦਰ ਮਾਨਾ ਜੀ ਜਿਲਾ ਇੰਚਾਰਜ ਅਤੇ ਹਲਕਾ ਇੰਚਾਰਜ ਚੱਬੇਵਾਲ ਜੀ ਪੋਹੁੰਚੇ ਅਤੇ ਉਨ੍ਹਾਂ ਨਾਲ ਸਮੂਹ ਹਲਕੇ ਦੀ ਲੀਡਰ ਸ਼ਿਪ ਵੀ ਵਿਸੇਸ ਤੌਰ ਤੇ ਪੁਹੰਚੇ, ਇਸ ਦੁਰਾਨ ਬਸਪਾ ਦੇ ਸੈਕਟਰ ਦੇ ਸੰਗਠਨ ਅਤੇ ਬੂਥ ਲੈਵਲ ਦੀਆ ਕਮੇਟੀਆਂ ਨੂੰ ਮਜ਼ਬੂਤ ਕਰਨ ਦੇ ਲਈ ਮੀਟਿੰਗ ਕੀਤੀ ਗਈ ਅਤੇ ਸੈਕਟਰ ਪੱਧਰ ਦੇ ਪਿੰਡਾਂ ਵਿੱਚੋ ਆਏ ਸਾਥੀਆ ਨੇ ਆਪੋ ਆਪਣੇ ਹਾਜ਼ਰੀ ਲਗਵਾਦੇ ਹੋਏ ਬਸਪਾ ਨੂੰ ਗਰਾਊਂਡ ਲੈਵਲ ਤੇ ਮਜ਼ਬੂਤ ਕਰਨ ਦੇ ਲਈ ਦਿਨ ਰਾਤ ਮਿਹਨਤ ਕਰਨ ਦਾ ਭਰੋਸਾ ਦਿੱਤਾ ੀ ਇਸੇ ਦੌਰਾਨ ਮੀਟਿੰਗ ਵਿੱਚ ਆਏ ਪਿੰਡਾ ਦੇ ਲੋਕਾਂ ਨੂੰ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਸੰਬੋਧਨ ਕਰਦੇ ਹੋਏ ਦਸਿਆ ਕਿ ਮਨਰੇਗਾ ਮਜ਼ਦੂਰ ਆਪਣੀਆਂ ਮੰਗਾ ਨੂੰ ਲੈਕੇ ਸ਼ਾਂਤਮਈ ਤਰੀਕੇ ਨਾਲ ਧਰਨਾ ਲਗਾ ਰਹੇ ਸਨ ਅਤੇ ਇਸ ਸ਼ਾਂਤਮਈ ਚੱਲ ਰਹੇ ਧਰਨੇ ਨੂੰ ਚੁਕਾਉਣ ਦੇ ਲਈ ਪੁਲਸ ਦੇ ਰਾਹੀਂ ਸਰਕਾਰ ਨੇ ਲਾਠੀ ਚਾਰਜ ਕਰਵਾਇਆ, ਇਸ ਦੌਰਾਨ ਕਈ ਮਨਰੇਗਾ ਮਜ਼ਦੂਰਾਂ ਦੇ ਗੰਭੀਰ ਸੱਟਾ ਲੱਗੀਆਂ । ਬਾਅਦ ਵਿੱਚ ਐਡਵੋਕੇਟ ਮਾਨਾ ਜੀ ਨੇ ਆਹੁਦੇਦਾਰਾਂ ਨੂੰ ਪਾਰਟੀ ਦੀ ਮਜ਼ਬੂਤੀ ਲਈ ਬੂਥ ਲੈਵਲ ਤਕ ਸੰਗਠਨ ਨੂੰ ਮਜ਼ਬੂਤ ਕਰਨ ਦੇ ਲਈ ਹਦਾਇਤਾਂ ਜਾਰੀ ਕੀਤੀਆਂ ੀ ਇਸ ਦੌਰਾਨ ਸੈਕਟਰ ਟੀਮ ਨੇ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਆਪਣੀ ਜਮੇਵਾਰੀ ਸਮਝਦੇ ਹੋਏ ਹਰ ਇਕ ਪਿੰਡ ਵਿਚ ਪੁਹੰਚ ਕਰਕੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੀਆ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਅਤੇ ਹਰ ਬੂਥ ਨੂੰ ਮਜ਼ਬੂਤ ਕਰਨ ਦਾ ਸੰਕਲਪ ਲਿਆ। ਇਸ ਮੌਕੇ ਹਾਜ਼ਰ ਆਗੂ ਸਾਥੀਆ ਵਿੱਚ ਸ੍ਰੀ ਜੁਗਿੰਦਰ ਪਾਲ ਫਗਲਾਣਾ ਜੀ ਜਿਲਾ ਕੋਆਰਡੀਨੇਟਰ ਬਾਮਸੇਫ , ਹਲਕਾ ਚੱਬੇਵਾਲ ਦੇ ਉਪ ਪ੍ਰਧਾਨ ਸੁਦੇਸ਼ ਭੱਟੀ ਜੀ ,ਸਰਦਾਰ ਸਤਪਾਲ ਬਡਲਾ ਜੀ ਜਨਰਲ ਸਕੱਤਰ, ਸੁਬ ਹਰਭਜਨ ਸਿੰਘ ਜੀ, ਜਸਵਿੰਦਰ ਸਿੰਘ ਤਾਜੋਵਾਲ ਜੀ , ਸੁਖਵਿੰਦਰ ਸਿੰਘ ਹੈਪੀ ਮੜੂਲੀ ਬਸਪਾ ਆਗੂ, ਮਹਿੰਦਰ ਪਾਲ, ਅਮਨਦੀਪ ਰੋੜ੍ਹਿਆ, ਸੋਨੂੰ ਬਸੀ , ਸੁਦ-ਾਮਾ ਰਾਮ ਜੀ , ਪਰਦੀਪ ਕੁਮਾਰ, ਸੁਖਵਿੰਦਰ ਸਿੰਘ, ਨਸ਼ਤਰ ਸਿੰਘ , ਜਸਵੀਰ ਸਿੰਘ ਰੱਤੂ, ਪ੍ਵੀਨ ਸਿੰਘ ਜੀ ,ਸਨਜੀਤ ਕੁਮਾਰ ਸ਼ਿੰਦ ਅਹਿਰਣਾ, ਸਤਨਾਮ ਖਨੌੜਾ, ਸਮੀਰ ਮਾਨਾ, ਸੌਰਵ ਹੀਰ,ਅਤੇ ਹੋਰ ਵੀ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।

# ਡਿਪਟੀ ਸਪੀਕਰ ਵੱਲੋਂ ਹਿੰਦ-ਪਾਕ ਜੰਗ ਦੇ ਸ਼ਹੀਦ ਨਾਜਰ ਸਿੰਘ ਮੱਟੂ ਦੀ ਯਾਦ ਵਿੱਚ ਯਾਦਗਾਰੀ ਗੇਟ ਦਾ ਕੀਤਾ ਗਿਆ ਉਦਘਾਟਨ





**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** 1971 ਦੀ ਹਿੰਦ-ਪਾਕ ਜੰਗ ਦੌਰਾਨ ਦੇਸ਼ ਦੀ ਰੱਖਿਆ ਕਰਦੇ ਹੋਏ ਕੁਰਬਾਨ ਹੋਏ ਪੰਜਾਬ ਦੇ ਮਹਾਨ ਸਪੂਤ 17 ਸਿੱਖ ਰੈਜੀਮੈਂਟ (ਟਾਈਗਰ ਪਲਟਨ) ਦੇ ਬਹਾਦਰ ਜਵਾਨ ਸ਼ਹੀਦ ਨਾਜਰ ਸਿੰਘ ਮੱਟੂ ਦੀ ਪਾਵਨ ਯਾਦ ਨੂੰ ਸਮਰਪਿਤ ਯਾਦਗਾਰੀ ਗੇਟ ਦਾ ਉਦਘਾਟਨ ਅੱਜ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ, ਅਤੇ ਹਲਕਾ ਵਿਧਾਇਕ ਗੜ੍ਹਸ਼ੰਕਰ ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤਾ ਗਿਆ। ਇਸ ਮੌਕੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੀ ਦੇਸ਼ਭਗਤੀ, ਬਹਾਦਰੀ ਅਤੇ ਕੁਰਬਾਨੀ ਨੂੰ ਨਮਨ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦਿਆਂ ਆਪਣੇ ਪ੍ਰਾਣ ਨਿਛਾਵਰ ਕਰਨ ਵਾਲੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਸ਼ਹੀਦ ਨਾਜਰ ਸਿੰਘ ਮੱਟੂ ਵਰਗੇ ਸੂਰਮਿਆਂ ਨੇ ਆਪਣੇ ਲਹੂ ਨਾਲ ਦੇਸ਼ ਦੀ ਏਕਤਾ, ਅਖੰਡਤਾ ਅਤੇ ਸਨਮਾਨ ਦੀ ਰੱਖਿਆ ਕੀਤੀ, ਜਿਸ ਲਈ ਹਰ ਭਾਰਤੀ ਸਦਾ ਉਨ੍ਹਾਂ ਦਾ ਰਿਣੀ ਰਹੇਗਾ। ਉਨ੍ਹਾਂ ਕਿਹਾ ਕਿ ਯਾਦਗਾਰੀ ਗੇਟ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਦੇਸ਼-ਪ੍ਰੇਮ, ਬਹਾਦਰੀ ਅਤੇ ਦੇਸ਼ ਸੇਵਾ ਦੀ ਪ੍ਰੇਰਣਾ ਦਾ ਪ੍ਰਤੀਕ ਬਣੇਗਾ ਰਹੇਗਾ। ਉਨ੍ਹਾਂ ਨੌਜਵਾਨਾਂ ਨੂੰ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਦੇਸ਼ ਅਤੇ ਸਮਾਜ ਦੀ ਸੇਵਾ ਕਰਨ ਦਾ ਸੱਦਾ ਦਿੱਤਾ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਾਬਕਾ ਫੌਜੀ, ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਆਗੂ, ਵੱਖ-ਵੱਖ ਸੰਸਥਾਵਾਂ ਦੇ ਪ੍ਰਤੀਨਿਧੀ ਅਤੇ ਇਲਾਕਾ ਨਿਵਾਸੀ ਹਾਜ਼ਰ ਰਹੇ। ਬੁਲਾਰਿਆਂ ਨੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਦਾ ਯਾਦ ਰੱਖਣਾ ਹਰ ਨਾਗਰਿਕ ਦਾ ਫਰਜ਼ ਹੈ ਅਤੇ ਅਜਿਹੇ ਯਾਦਗਾਰੀ ਸਮਾਰਕ ਦੇਸ਼ਭਗਤੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇਹਨ। ਸਮਾਗਮ ਦੇ ਅੰਤ ਵਿੱਚ ਡਿਪਟੀ ਸਪੀਕਰ ਨੇ ਸ਼ਹੀਦ ਪਰਿਵਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਸ਼ਹੀਦਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀ ਸ਼ਹਾਦਤ ਸਾਡੇ ਲਈ ਸਦੀਵੀ ਪ੍ਰੇਰਣਾ ਹੈ ਅਤੇ ਉਨ੍ਹਾਂ ਦੇ ਆਦਰਸ਼ਾਂ 'ਤੇ ਚੱਲ ਕੇ ਹੀ ਅਸੀਂ ਇੱਕ ਮਜ਼ਬੂਤ ਅਤੇ ਖੁਸ਼ਹਾਲ ਪੰਜਾਬ ਅਤੇ ਦੇਸ਼ ਦਾ ਨਿਰਮਾਣ ਕਰ ਸਕਦੇ ਹਾਂ। ਇਸ ਮੌਕੇ ਸਰਪੰਚ ਅਮਨਦੀਪ ਕੌਰ, ਬੀਬੀ ਗੁਰਮੀਤ ਕੌਰ, ਪੰਚ ਤਜਿੰਦਰ ਸਿੰਘ, ਪੰਚ ਮਨਜੀਤ ਕੌਰ, ਪੰਚ ਸੁਰਜੀਤ ਕੌਰ, ਚੇਅਰਮੈਨ ਅਤੇ ਬਲਾਕ ਸੰਮਤੀ ਮੈਬਰ ਡਾ.ਪਰਮਜੀਤ ਪਾਲ ਮਡਾਰ, ਸਰਪੰਚ ਹਰਵਿੰਦਰ ਸਿੰਘ ਸਹਾਪੁਰ, ਗੁਰਜੀਤ ਕੌਰ ਖਾਨਪੁਰ, ਕਸਮੀਰ ਕੌਰ ਗੜ੍ਹੀ, ਸੁਖਜੀਤ ਕੌਰ ਮਹਿਤਾਬਪੁਰ, ਵਿਜੈ ਕੁਮਾਰ ਪਾਹਲੇਵਾਲ, ਸਰਪੰਚ ਸੁਮਨ ਥਾਣਾ, ਸੋਸ਼ਲ ਮੀਡਿਆ ਤੋ ਪ੍ਰਧਾਨ ਹਰਵਿੰਦਰ ਸਿੰਘ ਸੈਣੀ, ਸਰਪੰਚ ਗੁਰਨ-ਾਮ ਸਿੰਘ ਮੋਜੀ, ਸਰਪੰਚ ਸੁਰਿੰਦਰ ਸਿੰਘ ਬੀਰਾਮਪੁਰ,ਹਰਨੇਕ ਸਿੰਘ, ਹਰਦੀਪ ਸਿੰਘ ਗੜ੍ਹਸ਼ੰਕਰ, ਦਰਸ਼ਨ ਸਿੰਘ ਮੱਟੂ, ਨੰਬਰਦਰ ਜਸਵੀਰ ਸਿੰਘ ਅਤੇ ਪਿੰਡ ਵਾਸੀ ਪਾਰਟੀ ਵਰਕਰ ਹਜ਼ਾਰ ਸਨ ।

# ਪੰਜਾਬ ਸਰਕਾਰ ਵੱਲੋਂ ਪੰਡਿਤ ਲੇਖਰਾਜ ਸ਼ਰਮਾ ਨੂੰ ਬਲਾਚੌਰ ਤੋਂ ਬ੍ਰਾਹਮਣ ਸਭਾ ਦਾ ਚੇਅਰਮੈਨ ਕੀਤਾ ਨਿਯੁਕਤ



**ਬਲਾਚੌਰ 17 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਵੱਲੋਂ ਪੰਡਿਤ ਲੇਖਰਾਜ ਸ਼ਰਮਾ ਨੂੰ ਬਲਾਚੌਰ ਹਲਕੇ ਤੋਂ ਬ੍ਰਾਹਮਣ ਸਭਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਨਾਲ ਬ੍ਰਾਹਮਣ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਪੰਡਿਤ ਲੇਖਰਾਜ ਸ਼ਰਮਾ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਪੰਡਿਤ ਲੇਖਰਾਜ ਸ਼ਰਮਾ ਨੇ ਇਸ ਮੌਕ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ, ਹਲਕਾ ਵਿਧਾਇਕ ਸੰਤੋਸ਼ ਕਟਾਰੀਆ,ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਦਿੱਤੀ ਗਈ ਇਸ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ, ਨਿਸ਼ਠਾ ਅਤੇ ਸਮਰਪਣ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਬ੍ਰਾਹਮਣ ਭਾਈਚਾਰੇ ਦੀ ਭਲਾਈ, ਏਕਤਾ ਅਤੇ ਸਮਾਜਿਕ ਵਿਕਾਸ ਲਈ ਉਹ ਹਰ ਸੰਭਵ ਯਤਨ ਕਰਨਗੇ ਅਤੇ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵੀ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਲਾਕੇ ਦੇ ਆਗੂਆਂ ਅਤੇ ਸਮਰਥਕਾਂ ਨੇ ਕਿਹਾ ਕਿ ਪੰਡਿਤ ਲੇਖਰਾਜ ਸ਼ਰਮਾ ਦੀ ਨਿਯੁਕਤੀ ਨਾਲ ਸਮਾਜ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਉਹ ਆਪਣੇ ਤਜ਼ਰਬੇ ਨਾਲ ਭਾਈਚਾਰੇ ਦੀ ਸੇਵਾ ਵਿੱਚ ਅਹਿਮ ਯੋਗਦਾਨ ਪਾਉਣਗੇ।

# ਡਾਕਟਰ ਗੁਰਪ੍ਰੀਤ ਕੌਰ ਥਿਆੜਾ ਨੇ ਪਿੰਡ ਕਾਹਮਾ ਵਿਖੇ ਪਰਿਵਾਰਾਂ ਨਾਲ ਬਿਤਾਇਆ ਅਹਿਮ ਸਮਾਂ; 'ਸਤਲੁਜ' ਫ਼ਿਲਮ ਦੀ ਸਕ੍ਰੀਨਿੰਗ ਦੌਰਾਨ ਇਕੱਠੇ ਦੇਖਿਆ ਸਿਨੇਮਾ

## ਕਾਹਮਾ ਵਾਸੀਆਂ ਵੱਲੋਂ ਮਿਲਿਆ ਅਥਾਹ ਪਿਆਰ, ਮਾਣ-ਸਤਿਕਾਰ ਅਤੇ ਭਰਪੂਰ ਸਾਥ ਮੇਰੇ ਲਈ ਅਨਮੋਲ: ਡਾ. ਗੁਰਪ੍ਰੀਤ ਕੌਰ ਥਿਆੜਾ

**ਨਵਾਂਸ਼ਹਿਰ /ਕਾਹਮਾ, 17 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਬੀਤੇ ਦਿਨ ਪਿੰਡ ਕਾਹਮਾ ਵਿਖੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਪਰਿਵਾਰਕ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਮੌਕੇ ਡਾਕਟਰ ਗੁਰਪ੍ਰੀਤ ਕੌਰ ਥਿਆੜਾ ਨੇ ਪਿੰਡ ਕਾਹਮਾ ਦਾ ਦੌਰਾ ਕੀਤਾ ਅਤੇ ਉੱਥੇ ਮੌਜੂਦ ਪਰਿਵਾਰਕ ਮੈਂਬਰਾਂ ਨਾਲ ਬਹੁਤ ਹੀ ਨਿੱਘੇ ਮਾਹੌਲ ਵਿੱਚ ਮੁਲਾਕਾਤ ਕੀਤੀ। ਇਸ ਦੌਰਾਨ ਜਿੱਥੇ ਆਪਸੀ ਵਿਚਾਰ ਸਾਂਝੇ ਕੀਤੇ ਗਏ, ਉੱਥੇ ਹੀ ਇੱਕ ਵਿਸ਼ੇਸ਼ ਉਪਰਾਲੇ ਤਹਿਤ 'ਸਤਲੁਜ' ਫ਼ਿਲਮ ਦੀ ਸਕ੍ਰੀਨਿੰਗ ਵੀ ਕੀਤੀ ਗਈ। ਡਾਕਟਰ ਗੁਰਪ੍ਰੀਤ ਕੌਰ ਥਿਆੜਾ ਨੇ ਪਿੰਡ ਦੇ ਪਰਿਵਾਰਾਂ ਅਤੇ ਇਲਾਕਾ ਨਿਵਾਸੀਆਂ ਨਾਲ ਬੈਠ ਕੇ ਫ਼ਿਲਮ ਦੇਖੀ ਅਤੇ ਸਭ ਨੇ ਇਕੱਠਿਆਂ ਇੱਕ ਬਹੁਤ ਹੀ ਯਾਦਗਾਰੀ ਸਮਾਂ ਬਿਤਾਇਆ।





ਇਸ ਭਰਵੀਂ ਮਿਲਣੀ ਅਤੇ ਫ਼ਿਲਮ ਦੀ ਸਕ੍ਰੀਨਿੰਗ ਤੋਂ ਬਾਅਦ ਆਪਣੇ ਜਜ਼ਬਾਤ ਸਾਂਝੇ ਕਰਦਿਆਂ ਡਾਕਟਰ ਗੁਰਪ੍ਰੀਤ ਕੌਰ ਥਿਆੜਾ ਨੇ ਕਿਹਾ ਕਿ ਪਿੰਡ ਕਾਹਮਾ ਦੇ ਵਸਨੀਕਾਂ ਵੱਲੋਂ ਜੋ ਅਥਾਹ ਪਿਆਰ, ਮਾਣ-ਸਤਿਕਾਰ ਅਤੇ ਭਰਪੂਰ ਸਾਥ ਉਨ੍ਹਾਂ ਨੂੰ ਦਿੱਤਾ ਗਿਆ ਹੈ, ਉਹ ਉਨ੍ਹਾਂ ਦੇ ਜੀਵਨ ਪੂੰਜੀ ਵਿੱਚ ਇੱਕ ਅਨਮੋਲ ਯਾਦ ਵਾਂਗ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਇਹ ਸਾਥ ਅਤੇ ਵਿਸ਼ਵਾਸ ਉਨ੍ਹਾਂ ਨੂੰ ਹਮੇਸ਼ਾ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ।ਡਾ. ਗੁਰਪ੍ਰੀਤ ਕੌਰ ਥਿਆੜਾ ਨੇ ਕਾਹਮਾ ਵਾਸੀਆਂ ਵੱਲੋਂ ਦਿਖਾਏ ਗਏ ਇਸ ਨਿੱਘੇ ਸਨੇਹ ਲਈ ਸਾਰਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਭਾਵੁਕ ਸ਼ਬਦਾਂ ਵਿੱਚ ਆਖਿਆ, "ਮੈਂ ਇਸ ਪਿਆਰ ਅਤੇ ਸਤਿਕਾਰ ਲਈ ਹਮੇਸ਼ਾ ਦਿਲੋਂ ਰਿਣੀ ਰਹਾਂਗੀ।" ਇਸ ਮੌਕੇ ਪਿੰਡ ਵਾਸੀਆਂ ਵਿੱਚ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਉਨ੍ਹਾਂ ਨੇ ਡਾ. ਥਿਆੜਾ ਦਾ ਪਿੰਡ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ।

# ਦੇਸ਼ ਭਰ 'ਚ ਈ-20 ਪੈਟਰੋਲ ਥੋਪਣ ਖ਼ਿਲਾਫ਼ ਵਿਧਾਇਕ ਸੰਤੋਸ਼ ਕਟਾਰੀਆ ਨੇ ਖੋਲ੍ਹਿਆ ਮੋਰਚਾ; ਪ੍ਰਧਾਨ ਮੰਤਰੀ ਦੇ ਨਾਮ ਪਟੀਸ਼ਨ 'ਤੇ ਹਸਤਾਖਰ ਕਰ ਚੁੱਕੇ ਵੱਡੇ ਸਵਾਲ

## ਕਿਹਾ- ਜਨਤਾ ਦੀ ਆਵਾਜ਼ ਸੁਣਨ ਦੀ ਬਜਾਏ ਜ਼ਬਰਦਸਤੀ ਫੈਸਲੇ ਲਾਗੂ ਕਰ ਰਹੀ ਹੈ ਕੇਂਦਰ ਸਰਕਾਰ

**ਬਲਾਚੌਰ, 17 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਦੇਸ਼ ਭਰ ਵਿੱਚ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਈ-20 ਪੈਟਰੋਲ (ਐਥੇਨੌਲ ਬਲੈਂਡਡ ਪੈਟਰੋਲ) ਦੇ ਖ਼ਿਲਾਫ਼ ਹੁਣ ਆਵਾਜ਼ ਹੋਰ ਬੁਲੰਦ ਹੋਣੀ ਸ਼ੁਰੂ ਹੋ ਗਈ ਹੈ। ਇਸੇ ਕੜੀ ਤਹਿਤ ਹਲਕਾ ਬਲਾਚੌਰ ਦੇ ਵਿਧਾਇਕ ਸੰਤੋਸ਼ ਕਟਾਰੀਆ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਦਫ਼ਤਰ, ਨਵੀਂ ਦਿੱਲੀ ਦੇ ਨਾਮ ਇੱਕ ਵਿਸ਼ੇਸ਼ ਪਟੀਸ਼ਨ 'ਤੇ ਹਸਤਾਖਰ ਕਰਕੇ ਦੇਸ਼ ਭਰ ਦੇ ਵਾਹਨ ਚਾਲਕਾਂ ਅਤੇ ਆਮ ਜਨਤਾ ਦੇ ਹੱਕ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਵੱਡਾ ਬਿਆਨ ਜਾਰੀ ਕੀਤਾ ਗਿਆ ਹੈ।

ਇਸ ਮਸਲੇ 'ਤੇ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮੇਂ ਪੂਰੇ ਦੇਸ਼ ਵਿੱਚ ਈ -20 ਪੈਟਰੋਲ ਨੂੰ ਜਬਰੀ ਲਾਗੂ ਕੀਤੇ ਜਾਣ ਖ਼ਿਲਾਫ਼ ਜਨਤਾ ਵਿੱਚ ਭਾਰੀ ਰੋਸ ਅਤੇ ਹਾਹਾਕਾਰ ਮਚੀ ਹੋਈ ਹੈ। ਉਨ੍ਹਾਂ ਅਫ਼ਸੋਸ ਜਤਾਉਂਦਿਆਂ ਕਿਹਾ ਕਿ ਇਹ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਕੇਂਦਰ ਸਰਕਾਰ ਜਨਤਾ ਦੀ ਆਵਾਜ਼ ਅਤੇ ਉਨ੍ਹਾਂ ਦੀਆਂ ਤਕਲੀਫ਼ਾਂ ਨੂੰ ਬਿਲਕੁਲ ਨਹੀਂ ਸੁਣ ਰਹੀ ਅਤੇ ਇਸ ਫੈਸਲੇ ਨੂੰ ਹਰ ਹਾਲ ਵਿੱਚ ਥੋਪਣ 'ਤੇ ਤੁਲੀ ਹੋਈ ਹੈ।



**ਸਰਕਾਰ ਦੇ ਫੈਸਲੇ ਪਿੱਛੇ ਨਾ ਕੋਈ ਵਿਗਿਆਨ ਹੈ ਅਤੇ ਨਾ ਹੀ ਅਰਥ ਸ਼ਾਸਤਰ**

ਵਿਧਾਇਕ ਕਟਾਰੀਆ ਨੇ ਕੇਂਦਰ ਸਰਕਾਰ ਦੀ ਨੀਤੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨੂੰ ਜਾਇਜ਼ ਠਹਿਰਾਉਣ ਲਈ ਨਾ ਤਾਂ ਕੋਈ ਠੋਸ ਤਰਕ ਦਿਖਾਈ ਦੇ ਰਿਹਾ ਹੈ, ਨਾ ਹੀ ਕੋਈ ਵਿਗਿਆਨ , ਇੰਜੀਨੀਅਰਿੰਗ ਜਾਂ ਕੋਈ ਅਰਥ ਸ਼ਾਸਤਰ ਇਸ ਦੀ ਹਮਾਇਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼ਾਇਦ ਇਸ ਫੈਸਲੇ ਪਿੱਛੇ ਕੋਈ ਵੱਡੀ ਰਾਜਨੀਤੀ ਕੰਮ ਕਰ ਰਹੀ ਹੈ, ਜੋ ਇੱਕ ਆਮ ਨਾਗਰਿਕ ਦੀ ਸਮਝ ਤੋਂ ਬਿਲਕੁਲ ਬਾਹਰ ਹੈ।

ਪਟੀਸ਼ਨ ਰਾਹੀਂ ਪ੍ਰਧਾਨ ਮੰਤਰੀ ਅੱਗੇ ਰੱਖੀਆਂ ਦੋ ਪ੍ਰਮੁੱਖ ਮੰਗਾਂ: ਦੇਸ਼ ਦੇ ਇੱਕ ਜ਼ਿੰਮੇਵਾਰ ਨਾਗਰਿਕ ਅਤੇ ਲੋਕ ਪ੍ਰਤੀਨਿਧ ਵਜੋਂ ਵਿਧਾਇਕ ਸੰਤੋਸ਼ ਕਟਾਰੀਆ ਨੇ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਦੀ ਅਪੀਲ ਕਰਦਿਆਂ ਦੋ ਮੁੱਖ ਮੰਗਾਂ ਜ਼ੋਰਦਾਰ ਢੰਗ ਨਾਲ ਉਠਾਈਆਂ ਹਨ:

. ਸ਼ੁੱਧ ਪੈਟਰੋਲ ਅਤੇ ਈ 20 ਵਿੱਚੋਂ ਚੋਣ ਕਰਨ ਦਾ ਅਧਿਕਾਰ: ਦੇਸ਼ ਦੇ ਸਾਰੇ ਫਿਊਲ ਸਟੇਸ਼ਨਾਂ (ਪੈਟਰੋਲ ਪੰਪਾਂ) 'ਤੇ ਆਮ ਜਨਤਾ ਨੂੰ 'ਸ਼ੁੱਧ ਪੈਟਰੋਲ' ਅਤੇ ਈ-20 ਪੈਟਰੋਲ ਵਿਚਕਾਰ ਚੋਣ ਕਰਨ ਦਾ ਸਪੱਸ਼ਟ ਵਿਕਲਪ ਦਿੱਤਾ ਜਾਵੇ। ਜਨਤਾ ਨੂੰ ਅਜਿਹਾ ਬਾਲਣ ਵਰਤਣ ਲਈ ਮਜਬੂਰ ਨਾ ਕੀਤਾ ਜਾਵੇ, ਜੋ ਉਨ੍ਹਾਂ ਦੇ ਕੀਮਤੀ ਵਾਹਨਾਂ ਦੇ ਇੰਜਣਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾ ਰਿਹਾ ਹੈ।

. ਕੀਮਤਾਂ ਵਿੱਚ ਕੀਤੀ ਜਾਵੇ ਭਾਰੀ ਕਟੌਤੀ: ਈ 20 ਪੈਟਰੋਲ ਦੀਆਂ ਕੀਮਤਾਂ ਵਿੱਚ ਤੁਰੰਤ ਕਟੌਤੀ ਕੀਤੀ ਜਾਵੇ। ਕਿਉਂਕਿ ਈ -20 ਪੈਟਰੋਲ ਦੀ ਕੈਲੋਰੀਫਿਕ ਵੈਲਿਊ (ਊਰਜਾ ਸਮਰੱਥਾ) ਕਾਫ਼ੀ ਘੱਟ ਹੈ ਅਤੇ ਇਸ ਨਾਲ ਵਾਹਨਾਂ ਦੀ ਮਾਈਲੇਜ ਵੀ ਬਹੁਤ ਘਟ ਜਾਂਦੀ ਹੈ, ਇਸ ਲਈ ਜਨਤਾ ਕੋਲੋਂ ਇੱਕ ਅਜਿਹੇ ਪ੍ਰੋਡਕਟ ਲਈ ਪੂਰੀ ਕੀਮਤ ਵਸੂਲਣਾ ਬਿਲਕੁਲ ਨਾਜਾਇਜ਼ ਹੈ, ਜਿਸ ਦੀ ਗੁਣਵੱਤਾ ਨਾਲ ਸਮਝੌਤਾ ਕੀਤਾ ਗਿਆ ਹੋਵੇ।ਵਿਧਾਇਕ ਸੰਤੋਸ਼ ਕਟਾਰੀਆ ਵੱਲੋਂ ਆਮ ਲੋਕਾਂ ਦੀ ਜੇਬ੍ਹ ਅਤੇ ਵਾਹਨਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਚੁੱਕੇ ਗਏ ਇਸ ਕਦਮ ਦੀ ਹਲਕੇ ਅਤੇ ਸੋਸ਼ਲ ਮੀਡੀਆ 'ਤੇ ਭਰਪੂਰ ਸ਼ਲਾਘਾ ਹੋ ਰਹੀ ਹੈ ਅਤੇ ਇਸ ਮੁਹਿੰਮ ਨੂੰ ਆਮ ਲੋਕਾਂ ਵੱਲੋਂ ਵੀ ਵੱਡਾ ਸਮਰਥਨ ਮਿਲ ਰਿਹਾ ਹੈ।

# ਵੰਦਨਾ ਯੋਗੀ ਨੂੰ ਟੀਐਚਡੀਸੀਆਈਐਲ ਦੇ ਬੋਰਡ ਆਫ ਡਾਇਰੈਕਟਰ ਬਣਨ 'ਤੇ ਪ੍ਰੇਮ ਗੌਤਮ ਤੇ ਕਵਿਤਾ ਗੌਤਮ ਨੇ ਦਿੱਤੀ ਵਧਾਈ

**ਰਿਸ਼ਿਕੇਸ਼ (ਉੱਤਰਾਖੰਡ) /ਸ਼ਿਮਲਾ16 ਜੁਲਾਈ ਗੁਰਬਿੰਦਰ ਗੁਰੀ** ਹਮੀਰਪੁਰ ਤੋਂ ਭਾਜਪਾ ਦੀ ਨੇਤਰੀ ਅਤੇ ਸਾਬਕਾ ਚੇਅਰਪਰਸਨ ਗੁੜੀਆ ਸਮਰੱਥ ਬੋਰਡ ਵੰਦਨਾ ਯੋਗੀ ਨੂੰ ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਅਧੀਨ ਟਿਹਰੀ ਹਾਈਡ੍ਰੋ ਡਿਵੈਲਪਮੈਂਟ ਕਾਰਪੋਰੇਸ਼ਨ ਇੰਡੀਆ ਲਿਮਿਟੇਡ (ਟੀਐਚਡੀਸੀ ਆਈਐਲ) ਦੇ ਬੋਰਡ ਆਫ ਡਾਇਰੈਕਟਰ ਵਜੋਂ ਨਿਯੁਕਤ ਕੀਤੇ ਜਾਣ 'ਤੇ ਭਾਜਪਾ ਜ਼ਿਲ੍ਹਾ ਬਿਲਾਸਪੁਰ ਦੇ ਸਾਬਕਾ ਖ਼ਜ਼ਾਨਚੀ ਪ੍ਰੇਮ ਗੌਤਮ ਅਤੇ ਭਾਜਪਾ ਮਹਿਲਾ ਮੋਰਚਾ ਬਿਲਾਸਪੁਰ ਸਦਰ ਦੀ ਸਾਬਕਾ ਸਕੱਤਰ ਕਵਿਤਾ ਗੌਤਮ ਨੇ ਉਨ੍ਹਾਂ ਨੂੰ ਦਿਲੋਂ ਵਧਾਈ ਦਿੱਤੀ ਹੈ। ਉਨ੍ਹਾਂ ਨੇ ਇਸ ਨਿਯੁਕਤੀ ਲਈ ਕੇਂਦਰੀ ਊਰਜਾ ਮੰਤਰੀ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਵੰਦਨਾ ਯੋਗੀ ਦੇ ਤਜਰਬੇ



ਅਤੇ ਯੋਗ ਅਗਵਾਈ ਨਾਲ ਟੀਐਚਡੀਸੀਆਈਐਲ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਸੰਸਥਾ ਦੇ ਵਿਕਾਸ ਨੂੰ ਨਵੀਂ ਦਿਸ਼ਾ ਪ੍ਰਾਪਤ ਹੋਵੇਗੀ।

ਉਨ੍ਹਾਂ ਨੇ ਕਿਹਾ ਕਿ ਟੀਐਚਡੀਸੀਆਈਐਲ ਦੇਸ਼ ਦੀ ਪ੍ਰਮੁੱਖ ਜਲ-ਵਿਦਯੁਤ ਕੰਪਨੀਆਂ ਵਿੱਚੋਂ ਇੱਕ ਹੈ ਅਤੇ ਇਸ ਦਾ ਮੁੱਖ ਦਫ਼ਤਰ ਰਿਸ਼ਿਕੇਸ਼ (ਉੱਤਰਾਖੰਡ) ਵਿੱਚ ਸਥਿਤ ਹੈ। ਵੰਦਨਾ ਯੋਗੀ ਦੀ ਇਸ ਮਹੱਤਵਪੂਰਨ ਨਿਯੁਕਤੀ ਨਾਲ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਅਤੇ ਵਿਕਾਸ ਕਾਰਜਾਂ ਨੂੰ ਹੋਰ ਗਤੀ ਮਿਲਣ ਦੀ ਉਮੀਦ ਹੈ।

# ਪਿੰਡ ਕਾਠਗੜ੍ਹ ਵਿਖੇ ਭਰਵੀਂ 'ਲੋਕ ਮਿਲਣੀ' ਦੌਰਾਨ ਲੋਕਾਂ ਦੀਆਂ ਸੁਣੀਆਂ ਮੁਸ਼ਕਿਲਾਂ; ਹਲਕੇ ਦਾ ਸਰਵਪੱਖੀ ਵਿਕਾਸ ਅਤੇ ਜਨ-ਕਲਿਆਣ ਸਾਡੀ ਪਹਿਲੀ ਤਰਜੀਹ: ਅਸ਼ੋਕ ਕਟਾਰੀਆ

**ਬਲਾਚੌਰ 17 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ) :** ਇਲਾਕੇ ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਮੌਕੇ 'ਤੇ ਹੱਲ ਕਰਨ ਦੇ ਮਕਸਦ ਨਾਲ ਪਿੰਡ ਕਾਠਗੜ੍ਹ ਵਿਖੇ ਇੱਕ ਵਿਸ਼ੇਸ਼ ਅਤੇ ਭਰਵੀਂ 'ਲੋਕ ਮਿਲਣੀ' ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਲੋਕ ਮਿਲਣੀ ਪ੍ਰੋਗਰਾਮ ਦੀ ਅਗਵਾਈ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਅਤੇ ਪਿੰਡ ਦੇ ਸਰਪੰਚ ਜਸਵੀਰ ਸਿੰਘ ਘੁੰਮਣ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ਼ਮੂਲੀਅਤ ਕੀਤੀ।

ਇਸ ਦੌਰਾਨ ਸੀਨੀਅਰ ਆਗੂਆਂ ਨੇ ਪਿੰਡ ਵਾਸੀਆਂ ਨਾਲ ਆਹਮੋ-ਸਾਹਮਣੇ ਬੈਠ ਕੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਸਮੱਸਿਆਵਾਂ, ਅਹਿਮ ਸੁਝਾਵਾਂ ਅਤੇ ਪਿੰਡ ਦੇ ਵਿਕਾਸ ਨਾਲ ਸਬੰਧਤ ਵੱਖ-ਵੱਖ




ਅਧੂਰੇ ਪਏ ਮਸਲਿਆਂ ਬਾਰੇ ਬਹੁਤ ਹੀ ਵਿਸਥਾਰਪੂਰਵਕ ਗੱਲਬਾਤ ਕੀਤੀ। ਪਿੰਡ ਵਾਸੀਆਂ ਵੱਲੋਂ ਵੀ ਵਿਕਾਸ ਕਾਰਜਾਂ ਨੂੰ ਲੈ ਕੇ ਕਈ ਅਹਿਮ ਵਿਚਾਰ ਸਾਂਝੇ ਕੀਤੇ ਗਏ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਅਤੇ ਸਰਪੰਚ ਜਸਵੀਰ ਸਿੰਘ ਘੁੰਮਣ ਨੇ ਸਾਂਝੇ ਤੌਰ 'ਤੇ ਕਿਹਾ ਕਿ ਜਨਤਾ ਨਾਲ ਸਿੱਧਾ ਸੰਵਾਦ ਸਥਾਪਿਤ ਕਰਨਾ, ਉਨ੍ਹਾਂ ਦੀਆਂ ਹਰ ਛੋਟੀ-ਵੱਡੀ ਸਮੱਸਿਆਵਾਂ ਨੂੰ ਬਹੁਤ ਧਿਆਨ ਨਾਲ ਸੁਣਨਾ ਅਤੇ ਫਿਰ ਸਮੇਂ ਸਿਰ ਉਨ੍ਹਾਂ ਦਾ ਸਾਰਥਕ ਹੱਲ ਯਕੀਨੀ ਬਣਾਉਣਾ ਸਾਡੀ ਸਭ ਤੋਂ ਪਹਿਲੀ ਤਰਜੀਹ ਹੈ।

ਉਨ੍ਹਾਂ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਆਖਿਆ ਕਿ ਪੂਰੇ ਹਲਕੇ ਦੇ ਸਰਵਪੱਖੀ ਵਿਕਾਸ ਅਤੇ ਲੋਕ ਭਲਾਈ ਦੀਆਂ ਸਕੀਮਾਂ ਨੂੰ ਹਰ ਲੋੜਵੰਦ ਤੱਕ ਪਹੁੰਚਾਉਣ ਲਈ ਅਸੀਂ ਪੂਰੀ ਇਮਾਨਦਾਰੀ, ਤਨਦੇਹੀ ਅਤੇ ਵਚਨਬੱਧਤਾ ਨਾਲ ਨਿਰੰਤਰ ਦਿਨ-ਰਾਤ ਕੰਮ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਨੁਹਾਰ ਬਦਲਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮਿਲਣੀ ਦੌਰਾਨ ਪਿੰਡ ਵਾਸੀਆਂ ਵੱਲੋਂ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ।

# ਠੇਕੇਦਾਰ ਰਾਮ ਸਰੂਪ ਥੋਪੀਆ ਬਣੇ ਗੁੱਜਰ ਵੈੱਲਫੇਅਰ ਬੋਰਡ ਬਲਾਚੌਰ ਦੇ ਚੇਅਰਮੈਨ; ਵਿਧਾਇਕਾ ਸੰਤੋਸ਼ ਕਟਾਰੀਆ ਨੇ ਦਿੱਤੀਆਂ ਮੁਬਾਰਕਾਂ

**ਬਲਾਚੌਰ, 17 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਇਲਾਕੇ ਦੀ ਪ੍ਰਮੁੱਖ ਤੇ ਨਾਮਵਰ ਸ਼ਖਸ਼ੀਅਤ ਠੇਕੇਦਾਰ ਰਾਮ ਸਰੂਪ (ਸਾਬਕਾ ਸਰਪੰਚ ਥੋਪੀਆ) ਨੂੰ ਪੰਜਾਬ ਸਰਕਾਰ ਵੱਲੋਂ ਇੱਕ ਅਹਿਮ ਜ਼ਿੰਮੇਵਾਰੀ ਸੌਂਪਦੇ ਹੋਏ ਗੁੱਜਰ ਵੈੱਲਫੇਅਰ ਬੋਰਡ ਵਿਧਾਨ ਸਭਾ ਬਲਾਚੌਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਵੱਕਾਰੀ ਨਿਯੁਕਤੀ ਨਾਲ ਪੂਰੇ ਹਲਕੇ ਦੇ ਲੋਕਾਂ, ਸਮਾਜਿਕ ਆਗੂਆਂ ਅਤੇ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਅਤੇ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਠੇਕੇਦਾਰ ਰਾਮ ਸਰੂਪ ਦੀ ਇਸ ਨਿਯੁਕਤੀ 'ਤੇ ਹਲਕਾ ਬਲਾਚੌਰ ਦੇ ਵਿਧਾਇਕਾ ਸੰਤੋਸ਼ ਕਟਾਰੀਆ ਨੇ ਵਿਸ਼ੇਸ਼ ਤੌਰ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਤਹਿ ਦਿਲੋਂ ਬਹੁਤ-ਬਹੁਤ ਮੁਬਾਰਕਾਂ ਦਿੱਤੀਆਂ ਹਨ। ਨਵ-ਨਿਯੁਕਤ





ਚੇਅਰਮੈਨ ਨੂੰ ਸ਼ੁਭਕਾਮਨਾਵਾਂ ਭੇਜਦਿਆਂ ਵਿਧਾਇਕਾ ਕਟਾਰੀਆ ਨੇ ਕਿਹਾ ਕਿ ਵਾਹਿਗੁਰੂ ਆਪ ਜੀ ਨੂੰ ਅਤੇ ਆਪ ਜੀ ਦੇ ਸਮੁੱਚੇ ਪਰਿਵਾਰ ਨੂੰ ਹਮੇਸ਼ਾ ਹੀ ਚੜ੍ਹਦੀ ਕਲਾ ਵਿੱਚ ਰੱਖਣ ਅਤੇ ਤੁਹਾਨੂੰ ਇਲਾਕੇ ਦੀ ਸੇਵਾ ਕਰਨ ਲਈ ਹੋਰ ਬਲ ਤੇ ਸਮਰੱਥਾ ਬਖਸ਼ਣ।"

- ਮੁੱਖ ਮੰਤਰੀ ਅਤੇ ਪਾਰਟੀ ਹਾਈ ਕਮਾਂਡ ਦਾ ਵਿਸ਼ੇਸ਼ ਧੰਨਵਾਦ

ਇਸ ਮੌਕੇ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਇਸ ਸ਼ਲਾਘਾਯੋਗ ਫੈਸਲੇ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਦਾ ਵਿਸ਼ੇਸ਼ ਤੌਰ 'ਤੇ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮਿਹਨਤੀ ਅਤੇ ਜ਼ਮੀਨੀ ਪੱਧਰ 'ਤੇ ਵਿਚਰਨ ਵਾਲੇ ਆਗੂਆਂ ਨੂੰ ਮਾਣ-ਸਤਿਕਾਰ ਦੇਣਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਜਿਸ ਨਾਲ ਹਲਕੇ ਦੇ ਵਿਕਾਸ ਕਾਰਜਾਂ ਅਤੇ ਗੁੱਜਰ ਭਾਈਚਾਰੇ ਦੀ ਭਲਾਈ ਦੇ ਕੰਮਾਂ ਨੂੰ ਹੋਰ ਵਧੇਰੇ ਮਜ਼ਬੂਤੀ ਮਿਲੇਗੀ।

ਚੇਅਰਮੈਨ ਨਿਯੁਕਤ ਹੋਣ 'ਤੇ ਠੇਕੇਦਾਰ ਰਾਮ ਸਰੂਪ ਥੋਪੀਆ ਨੂੰ ਵੱਖ-ਵੱਖ ਪਤਵੰਤੇ ਸੱਜਣਾਂ, ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸ਼ਖਸ਼ੀਅਤਾਂ ਵੱਲੋਂ ਵਧਾਈਆਂ ਦੇਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।

# ਪਲੈਨਿੰਗ ਬੋਰਡ ਦੇ ਨਵ-ਨਿਯੁਕਤ ਚੇਅਰਮੈਨ ਐਡਵੋਕੇਟ ਸੰਜੀਵ ਚੌਧਰੀ ਦਾ 'ਤੰਦੂਰੀ ਅੱਡਾ' ਰੈਸਟੋਰੈਂਟ ਵਿਖੇ ਹੋਇਆ ਨਿੱਘਾ ਸਵਾਗਤ

**ਨਵਾਂਸ਼ਹਿਰ, 17 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)** : ਸ਼ਹੀਦ ਭਗਤ ਸਿੰਘ ਨਗਰ ਦੇ ਆਮ ਆਦਮੀ ਪਾਰਟੀ ਦੇ ਮਿਹਨਤੀ ਜ਼ਿਲ੍ਹਾ ਪ੍ਰਧਾਨ ਸੰਜੀਵ ਚੌਧਰੀ ਚੇਚੀ ਨੂੰ ਪੰਜਾਬ ਸਰਕਾਰ ਵੱਲੋਂ ਪਲੈਨਿੰਗ ਬੋਰਡ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ ਉਪਰੰਤ ਇਲਾਕੇ ਦੇ ਆਗੂਆਂ ਅਤੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸੇ ਖੁਸ਼ੀ ਦੇ ਤਹਿਤ ਇੱਥੋਂ ਦੇ ਮਸ਼ਹੂਰ 'ਤੰਦੂਰੀ ਅੱਡਾ' ਰੈਸਟੋਰੈਂਟ ਵਿਖੇ ਇੱਕ ਵਿਸ਼ੇਸ਼ ਅਤੇ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸੀਨੀਅਰ ਆਪ ਆਗੂ ਕਰਨ ਪਾਠਕ,ਸੀਨੀਅਰ ਆਪ ਆਗੂ ਦਿਨੇਸ਼ ਸੂਰੀ ਅਤੇ ਮਾਰਕੀਟ ਕਮੇਟੀ ਬਲਾਚੌਰ ਦੇ ਚੇਅਰਮੈਨ ਸੇਠੀ ਉਧਨੋਵਾਲ ਵੱਲੋਂ ਸਾਂਝੇ ਤੌਰ 'ਤੇ ਸਾਥੀਆਂ ਸਮੇਤ ਨਵ-ਨਿਯੁਕਤ ਚੇਅਰਮੈਨ ਸੰਜੀਵ ਚੌਧਰੀ ਚੇਚੀ ਦਾ ਉੱਥੇ ਪਹੁੰਚਣ 'ਤੇ ਫੁੱਲਾਂ ਦੇ ਹਾਰ ਪਾ ਕੇ ਬਹੁਤ ਹੀ ਨਿੱਘਾ ਅਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਪ੍ਰਭਾਵਸ਼ਾਲੀ ਅਤੇ ਭਰਵੇਂ ਇਕੱਠ ਦੌਰਾਨ ਆਮ ਆਦਮੀ ਪਾਰਟੀ ਦੇ ਐਮ.ਸੀ. (ਕੌਂਸਲਰ), ਵੱਖ-ਵੱਖ ਮਾਰਕੀਟ ਕਮੇਟੀਆਂ ਦੇ ਚੇਅਰਮੈਨ ਅਤੇ ਵੱਡੀ ਗਿਣਤੀ ਵਿੱਚ ਹੋਰ ਪ੍ਰਮੁੱਖ 'ਆਪ' ਆਗੂ ਤੇ ਵਰਕਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮਿਲਣੀ ਦੌਰਾਨ ਸਾਰੀਆਂ ਹਾਜ਼ਰ ਸ਼ਖਸ਼ੀਅਤਾਂ ਨੇ ਇਕੱਠੇ ਬੈਠ ਕੇ ਦੁਪਹਿਰ ਦਾ ਖਾਣਾ (ਲੰਚ) ਕੀਤਾ।



ਲੰਚ ਦੌਰਾਨ ਬਹੁਤ ਹੀ ਸੁਖਾਵੇਂ ਅਤੇ ਖੁਸ਼ਗਵਾਰ ਮਾਹੌਲ ਵਿੱਚ ਜ਼ਿਲ੍ਹੇ ਦੇ ਸਰਵਪੱਖੀ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਅਤੇ ਪਾਰਟੀ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਹੋਰ ਜ਼ਿਆਦਾ ਮਜ਼ਬੂਤ ਕਰਨ ਸਬੰਧੀ ਬਹੁਤ ਹੀ ਅਹਿਮ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਹਾਜ਼ਰ ਆਗੂਆਂ ਨੇ ਖੁਸ਼ੀ ਪ੍ਰਗਟ ਕਰਦਿਆਂ ਆਖਿਆ ਕਿ ਸਭਨਾ ਨਾਲ ਮਿਲ ਬੈਠ ਕੇ ਬਹੁਤ ਖੁਸ਼ੀ ਅਤੇ ਅਨੰਦ ਦੀ ਅਨੁਭੂਤੀ ਹੋਈ ਹੈ। ਅਜਿਹੇ ਪ੍ਰੋਗਰਾਮ ਆਪਸੀ ਸਾਂਝ ਅਤੇ ਪਾਰਟੀ ਦੀ ਮਜ਼ਬੂਤੀ ਲਈ ਬਹੁਤ ਲਾਹੇਵੰਦ ਸਿੱਧ ਹੁੰਦੇ ਹਨ। ਨਵ-ਨਿਯੁਕਤ ਚੇਅਰਮੈਨ ਸੰਜੀਵ ਚੌਧਰੀ ਚੇਚੀ ਨੇ ਇਸ ਵੱਡੇ ਮਾਣ-ਸਤਿਕਾਰ ਲਈ ਸਾਰੇ ਸਾਥੀਆਂ ਅਤੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਮਾਹੀ ਖੜਿਆਲ ਨੂੰ ਹਲਕਾ ਦਿੜ੍ਹਬਾ ਤੋਂ ਸਪੋਰਟਸ ਵੈੱਲਫੇਅਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ

## ਵਿੱਤ ਮੰਤਰੀ ਚੀਮਾ ਵੱਲੋਂ ਦਿੱਤੀ ਗਈ ਜੁਮੇਵਾਰੀ

**ਦਿੜ੍ਹਬਾ ਮੰਡੀ, 17 ਜੁਲਾਈ ( ਹਰਜਿੰਦਰ ਛਾਬੜਾ )** ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਬੱਡੀ ਦੇ ਪ੍ਰਸਿੱਧ ਕੁਮੈਂਟੇਟਰ ਖੇਡ ਲੇਖਕ ਸਤਪਾਲ ਸਿੰਘ ਮਾਹੀ ਨੂੰ ਪੰਜਾਬ ਸਰਕਾਰ ਵੱਲੋਂ ਬਣਾਏ ਸਪੋਰਟਸ ਵੈਲਫੇਅਰ ਬੋਰਡ ਵਿੱਚ ਸਾਮਿਲ ਕੀਤਾ ਗਿਆ ਹੈ । ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਪੱਤਰ ਅਨੁਸਾਰ ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਐਡਵੋਕੇਟ ਹਰਪਾਲ ਸਿੰਘ ਚੀਮਾ ਦੀ ਰਹਿਨੁਮਾਈ ਵਿੱਚ ਹਲਕਾ ਦਿੜ੍ਹਬਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ ।

ਪਿਛਲੇ ਦਿਨੀ ਪੰਜਾਬ ਸਰਕਾਰ ਵੱਲੋਂ ਅੰਤਰ ਰਾਸ਼ਟਰੀ ਪਹਿ-ਲਵਾਨ ਜਸਕੰਵਰ ਸਿੰਘ ਜੱਸਾ ਪੱਟੀ ਨੂੰ ਪੰਜਾਬ ਸਪੋਰਟਸ ਵੈਲਫੇਅਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ । ਅੰਤਰ ਰਾਸ਼ਟਰੀ ਕਬੱਡੀ ਖਿਡਾਰੀ ਬਲਬੀਰ ਸਿੰਘ ਪਾਲਾ ਹੋਰਾਂ ਦੀ ਟੀਮ ਵਿੱਚ ਵਾਧਾ ਕਰਦਿਆਂ ਪੰਜਾਬ ਸਰਕਾਰ ਨੇ ਜ਼ਮੀਨੀ ਪੱਧਰ ਤੇ ਖੇਡਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਵਾਲੀਆਂ ਸਖਸੀਅਤਾ ਨੂੰ ਇਹ ਸਨਮਾਨ ਦਿੱਤਾ ਹੈ । ਸਤਪਾਲ ਖੜਿਆਲ ਪਿਛਲੇ ਲਗਪਗ ਤਿੰਨ ਦਹਾਕਿਆਂ ਤੋਂ ਕਬੱਡੀ ਖੇਡ ਨਾਲ ਜੁੜੀ ਹੋਈ ਸਖ਼ਸ਼ੀਅਤ ਹਨ । ਉਹਨਾਂ ਦੇਸ਼ ਵਿਦੇਸ਼ ਵਿੱਚ ਕਬੱਡੀ ਖੇਡ ਦੀ ਬੇਹਤਰੀ ਲਈ ਕੰਮ ਕੀਤਾ ਹੈ । ਸੈਂਕੜੇ ਖਿਡਾਰੀਆਂ ਨੂੰ ਵਿਦੇਸ਼ ਖੇਡਣ ਲਈ ਮੌਕੇ ਲੈ ਕੇ ਦਿੱਤੇ ਹਨ । ਉਹਨਾਂ ਬੜੀ ਬੇਬਾਕੀ ਨਾਲ ਕਬੱਡੀ ਮੰਚ ਤੇ ਆਪਣੀ ਗੱਲ ਰੱਖੀ ਹੈ । ਇਲਾਕੇ ਦੀ ਕਬੱਡੀ ਨੂੰ ਪ੍ਰਫੁੱਲਿਤ ਕਰਨ ਲਈ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਹੈ । ਇਸ ਮੌਕੇ ਉਨ੍ਹਾਂ ਸਾਡੇ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਕਬੱਡੀ ਅਤੇ ਹੋਰਨਾਂ ਖੇਡਾਂ ਅਤੇ ਖਿਡਾਰੀਆਂ ਦੀ ਭਲਾਈ ਲਈ ਕੰਮ ਕਰਨਗੇ । ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਦਾ ਉਚੇਚੇ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਤਨਦੇਹੀ ਇਮਾਨਦਾਰੀ ਮਿਹਨਤ ਸਿਦਕ ਨਾਲ ਨਿਭਾਉਣਗੇ । ਯਾਦ ਰਹੇ ਖੜਿਆਲ ਇਸ ਸਮੇਂ ਸੂਬੇ ਦੀਆਂ ਵੱਖ-ਵੱਖ ਖੇਡ ਸੰਸਥਾਵਾਂ ਵਿੱਚ ਕੰਮ ਕਰ ਰਹੇ ਹਨ । ਉਹ ਪੰਜਾਬ ਸਿੱਸਟੋਬਾਲ ਐਸੋਸੀਏਸ਼ਨ, ਜਿਲਾ ਕਬੱਡੀ ਐਸੋਸੀਏਸ਼ਨ ਦੇ ਪ੍ਰੈਸ ਸਕੱਤਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ । ਸੰਗਰੂਰ ਜਿਲੇ ਦੀ ਕਬੱਡੀ ਨੂੰ ਉਸਾਰੂ



ਰੂਪ ਦੇਣ ਲਈ ਉਨਾ ਸੰਗਰੂਰ ਕਬੱਡੀ ਲੀਗ ਵਿੱਚ ਵੀ ਪੂਰਨ ਸਹਿਯੋਗ ਦਿੱਤਾ ਹੈ । ਚੰਗੇ ਖੇਡ ਪ੍ਰਬੰਧਕ ਸਤਪਾਲ ਖੜਿਆਲ ਦੀ ਨਵੀਂ ਜ਼ੁੰਮੇਵਾਰੀ ਨਾਲ ਇਲਾਕੇ ਨੂੰ ਖੇਡਾਂ ਦੇ ਖੇਤਰ ਵਿੱਚ ਹੋਰ ਮਜ਼ਬੂਤੀ ਮਿਲੇਗੀ ।ਇਸ ਮੌਕੇ ਐਡਵੋਕੇਟ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ, ਓ ਐਸ ਡੀ ਤਪਿੰਦਰ ਸਿੰਘ ਸੋਹੀ, ਚੇਅਰਮੈਨ ਨਗਰ ਸੁਧਾਰ ਟਰੱਸਟ ਪ੍ਰੀਤਮ ਸਿੰਘ ਪੀਤੂ, ਚੇਅਰਮੈਨ ਹਰਵਿੰਦਰ ਸਿੰਘ ਛਾਜਲੀ, ਚੇਅਰਪਰਸਨ ਸ੍ਰੀਮਤੀ ਜਸਵੀਰ ਕੌਰ ਸ਼ੇਰਗਿੱਲ, ਵਿਜੇ ਕੁਮਾਰ ਬਿੱਟੂ ਦਿੜ੍ਹਬਾ, ਰਣਜੀਤ ਸਿੰਘ ਖੇਤਲਾ ਦਫ਼ਤਰ ਇੰਚਾਰਜ, ਨਿਰਬੇ ਸਿੰਘ ਖਨਾਲ, ਰਵਿੰਦਰ ਸਿੰਘ ਮਾਨ ਸਰਪੰਚ ਮਹਿਲਾ, ਸਰਪੰਚ ਲਾਭ ਸਿੰਘ ਖੜਿਆਲ, ਕੁਲਦੀਪ ਸਿੰਘ ਪ੍ਰਧਾਨ ਆੜਤੀਆਂ ਐਸੋਸੀਏਸ਼ਨ ਛਾਹੜ, ਚਮਕੌਰ ਚੌਧਰੀ, ਗੋਲੂ ਟਿਵਾਣਾ, ਜਿਲਾ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ, ਜਰਨਲ ਸਕੱਤਰ ਡਾ ਜਨਕ ਰਾਜ ਸ਼ਰਮਾ , ਚੇਅਰਮੈਨ ਡਾ ਮੱਘਰ ਸਿੰਘ ਸਿਹਾਲ, ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਕਾਲਾ, ਮੀਤ ਪ੍ਰਧਾਨ ਬਲਜੀਤ ਸਿੰਘ ਢੀਂਡਸਾ, ਬਲਜੀਤ ਸਿੰਘ ਮਾਨ ਸੀਨੀਅਰ ਵਾਈਸ ਪ੍ਰਧਾਨ ਪੰਜਾਬ ਕਬੱਡੀ ਐਸੋ, ਗੁਰਪਿਆਰ ਸਿੰਘ ਚੱਠਾ, ਸ਼ਿਵ ਜਿੰਦਲ, ਹਰਦੇਵ ਸਿੰਘ ਮਹਿਲਾ, ਮਿੰਟੂ ਮੌੜ, ਸਿੰਗਾਰਾ ਸਿੰਘ ਢੀਂਡਸਾ ਖੜਿਆਲ, ਪ੍ਰਗਟ ਸਿੰਘ ਪੰਚ, ਡਾ ਗੁਰਪ੍ਰੀਤ ਸਿੰਘ ਔਜਲਾ, ਨਸੀਬ ਸਿੰਘ ਕੌਹਰੀਆਂ, ਰਿੰਪੀ ਸਰਪੰਚ ਤਰੰਜੀ ਖੇੜਾ, ਸੁਖਦੇਵ ਸਿੰਘ ਸਰਪੰਚ ਗੁੱਜਰਾਂ, ਮੈਡਮ ਪਰਮ ਜਸਪਾਲ ਮਾਨ ਬਲਾਕ ਸੰਮਤੀ ਮੈਂਬਰ, ਗੁਰਦੀਪ ਸਿੰਘ ਸਰਪੰਚ ਤਕੀਪੁਰ, ਪਿੰਦਰ ਤਕੀਪੁਰ, ਦਲਵੀਰ ਸਿੰਘ ਤੂਰ ਕੈਨੇਡਾ,, ਅੰਤਰ ਰਾਸ਼ਟਰੀ ਕਬੱਡੀ ਖਿਡਾਰੀ ਸੋਮਾ ਘਰਾਚੋਂ, ਫ਼ੌਜੀ ਰੌਂਤਾ, ਮਨਜੀਤ ਸਿੰਘ ਗਰੇਵਾਲ , ਪ੍ਰਸਿੱਧ ਕੁਮੈਂਟੇਟਰ ਕੁਲਵੀਰ ਸਿੰਘ ਬੂਹੀ, ਦਿਲਸ਼ਾਦ ਈਸੀ,ਜਸ਼ਨ ਮਹਿਲਾ, ਜਗਦੀਸ਼ ਘਰਾਟ, ਫਿੱਡੂ ਘੱਗਾ , ਬੀਰਬਲ ਸਿੰਘ ਨਿੰਮਾ ਖੜਿਆਲ ਆਦਿ ਨੇ ਖੜਿਆਲ ਨੂੰ ਵਧਾਈ ਦਿੱਤੀ ਹੈ ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਨਵਾਂਸ਼ਹਿਰ ਕਰੇਗੀ ਪੰਜਾਬ ਸਰਕਾਰ ਦੇ ਪ੍ਰਧਾਨ ਤੇ ਐਮਐਲਏ ਦਾ ਕਰੇਗੀ ਤਿੱਖਾ ਵਿਰੋਧ: ਡਾ ਰਜਿੰਦਰ ਸਿੰਘ ਲੱਕੀ

**ਬਲਾਚੌਰ 16 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ 295 ਜਿਲਾ ਨਵਾਂਸ਼ਹਿਰ ਦੇ ਬਲਾਕ ਕਾਠਗੜ੍ਹ ਦੀ ਇੱਕ ਅਹਿਮ ਮੀਟਿੰਗ ਬਲਾਕ ਦਫਤਰ ਵਿੱਚ ਕੀਤੀ ਗਈ ਜਿਸ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਡਾਕਟਰ ਰਜਿੰਦਰ ਸਿੰਘ ਲੱਕੀ ਜੀ ਨੇ ਕੀਤੀ ਇਸ ਮੀਟਿੰਗ ਡਾਕਟਰ ਡੇ ਦਿਵਸ ਨੂੰ ਸਮਰਪਿਤ ਕੀਤੀ ਗਈ ਇਸ ਉਪਰੰਤ ਬਲਾਕ ਪ੍ਰਧਾਨ ਜਿਲਾ ਸਕੱਤਰ, ਤੇ ਬਲਾਕ ਸਕੱਤਰ ਵਲੋਂ ਸਾਂਝੇ ਬਿਆਨ ਵਿੱਚ ਕੀਹਾ ਕਿ ਪੰਜਾਬ ਪ੍ਰਧਾਨ ਜੀ ਦੇ ਹੁਕਮਾ ਅਨੁਸਾਰ ਜਿਲਾ ਨਵਾਂਸ਼ਹਿਰ ਪੰਜਾਬ ਸਰਕਾਰ ਦੀ ਅੰਨੀ ਤੇ ਬੋਲੀ ਨੀਤੀ ਖਿਲਾਫ ਸਖਤ ਰੂਪ ਵਿੱਚ ਧਰਨਾ ਪ੍ਰਦਰਸ਼ਨ



ਕਰੇਗੀ ਤੇ ਸਰਕਾਰ ਨੂੰ ਜਗਾਉਣ ਦਾ ਕੰਮ ਕਰੇਗੀ ਜਿਲੇ ਦੇ ਮੌਜੂਦਾ ਸਰਕਾਰ ਦੇ ਪ੍ਰਧਾਨ , ਐਮ ਐਲ ਏ ਦੇ ਘਰਾਂ ਦਾ ਘਿਰਾਓ ਕਰਕੇ ਉਹਨਾਂ ਨੂੰ ਦੇ ਖਿਲਾਫ ਰੋਸ਼ ਪ੍ਰਦਰਸ਼ਨ ਕੀਤਾ ਜਾਵੇਗਾ ਇਸ ਤੋ ਇਲਾਵਾ ਡਾ ਸੁਰਜੀਤ ਭਰਥਲਾ , ਡਾ ਚਰਨਜੀਤ, ਡਾ ਗੁਰਨਾਮ ਸਿੰਘ, ਡਾ ਰਾਮਪਾਲ, ਡਾ ਸੀ ਆਰ ਰੋਸ਼ਨ , ਡਾ ਬਲਿਹਾਰ , ਡਾ ਰਾਣਾ , ਡਾ ਗੁਰਸੇਵਕ ਸਿੰਘ ਰਾਇਤ , ਡਾ ਪਰਮਿੰਦਰ ਪੰਮਾ , ਡਾ ਬਿਪਨ , ਆਦਿ ਹਾਜ਼ਰ ਸਨ ।

# ਸ਼ਹੀਦ ਭਾਈ ਤਾਰਾ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮੰਡੀ ਵਿਖੇ 'ਬੇਟੀ ਬਚਾਓ' ਮੁਹਿੰਮ ਤਹਿਤ ਜਾਗਰੂਕਤਾ ਸੈਮੀਨਾਰ ਆਯੋਜਿਤ





**ਫਿਲੌਰ/ਅੱਪਰਾ, 17 ਜੁਲਾਈ (ਦੀਪਾ)**-ਸ਼ਹੀਦ ਭਾਈ ਤਾਰਾ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮੰਡੀ ਵਿਖੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਲੋਂ 'ਬੇਟੀ ਬਚਾਓ' ਪ੍ਰੋਗਰਾਮ ਤਹਿਤ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਹਰਮੇਸ਼ ਲਾਲ ਨੇ ਦੱਸਿਆ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਜਲੰਧਰ ਅਤੇ ਸਿਵਲ ਸਰਜਨ ਜਲੰਧਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਐਸ.ਐਮ.ਓ. ਡਾ. ਕਿਰਨ ਕੌਸ਼ਲ ਸੀ.ਐਚ.ਸੀ. ਬੜਾ ਪਿੰਡ ਦੀ ਅਗਵਾਈ ਹੇਠ ਸੀ.ਐਚ.ਸੀ. ਬੜਾ ਪਿੰਡ ਦੀ ਟੀਮ ਵਲੋਂ ਬੇਟੀ ਬਚਾਓ ਸਬੰਧੀ ਸਕੂਲ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। 'ਬੇਟੀ ਬਚਾਓ, ਬੇਟੀ ਪੜਾਓ' ਸਬੰਧੀ ਬੱਚਿਆਂ ਨਾਲ ਵਿਚਾਰ ਸਾਂਝੇ ਕੀਤੇ ਗਏ ਅਤੇ ਇਸ ਵਿਸ਼ੇ ਸਬੰਧੀ ਬੱਚਿਆਂ ਦੇ ਭਾਸ਼ਨ ਮੁਕਾਬਲੇ ਕਰਵਾਏ ਗਏ ਅਤੇ ਭਾਗ ਲੈਣ ਵਾਲੇ ਬੱਚਿਆਂ ਨੂੰ ਵਿਭਾਗ ਦੀ ਟੀਮ ਵਲੋਂ ਸਨਮਾਨਿਤ ਵੀ ਕੀਤਾ ਗਿਆ। ਪ੍ਰਿੰਸੀਪਲ ਹਰਮੇਸ਼ ਲਾਲ ਵਲੋਂ ਸਿਹਤ ਵਿਭਾਗ ਦੀ ਟੀਮ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੀ.ਐਚ.ਓ. ਰੀਤੂ ਬਾਲਾ, ਪਰੀਤ ਇੰਦਰ ਬੀ.ਈ.ਓ., ਹੈਲਥ ਸੁਪਰਵਾਈਜ਼ਰ ਜਸਵਿੰਦਰ, ਆਸ਼ਾ ਵਰਕਰ ਸੋਨੀਆ, ਆਸ਼ਾ ਵਰਕਰ ਸਿਮਰਨ ਅਤੇ ਸਕੂਲ ਸਟਾਫ ਮੈਂਬਰ ਹਾਜ਼ਰ ਸਨ।

# ਫੈਲ ਰਿਹਾ ਪ੍ਰਦੂਸ਼ਣ: ਕਾਰਨ ਤੇ ਰੋਕਥਾਮ

ਜਿੱਧਰ ਨਿਗ੍ਹਾ ਮਾਰੋ, ਪ੍ਰਦੂਸ਼ਣ ਹੀ ਪ੍ਰਦੂਸ਼ਣ ਦਿੱਸੇਗਾ। ਗਲੀਆਂ ਤੇ ਸੜਕਾਂ 'ਤੇ ਖਿੱਲਰਿਆ ਕੂੜ ਕਰਕਟ, ਆਪ-ਮੁਹਾਰੇ ਉੱਡਦੇ-ਫਿਰਦੇ ਪਲਾਸਟਿਕ ਦੇ ਲਿਫ਼ਾਫ਼ੇ, ਵਾਹਨਾਂ ਵਿੱਚੋਂ ਨਿਕਲਦਾ ਧੂੰਆਂ, ਕਾਰਖਾਨੇ, ਥਰਮਲ ਪਲਾਂਟ ਭੱਠਿਆਂ ਤੇ ਫੈਕਟਰੀਆਂ ਵਿੱਚੋਂ ਨਿਕਲ ਰਿਹਾ ਕਾਲੇ ਧੂੰਏਂ ਦਾ ਕਹਿਰ ਨਜ਼ਰ ਆਵੇਗਾ। ਜਿਸ ਨਾਲ ਸਾਡਾ ਆਲਾ-ਦੁਆਲਾ ਤੇ ਵਾਤਾਵਰਣ ਹੀ ਨਹੀਂ, ਸਗੋਂ ਹਵਾ, ਪਾਣੀ ਤੇ ਮਿੱਟੀ ਵੀ ਹਾਨੀਕਾਰਕ ਤੇ ਜ਼ਹਿਰੀਲੇ ਰਸਾਇਣਕ ਤੱਤਾਂ ਨਾਲ ਪ੍ਰਦੂਸ਼ਿਤ ਹੋ ਰਹੀ ਏ। ਇਸ ਦਾ ਮਾਰੂ ਪ੍ਰਭਾਵ ਸਿਰਫ਼ ਮਨੁੱਖੀ ਜੀਵਨ ਤੇ ਹੀ ਨਹੀਂ, ਬਲਕਿ ਜੀਵ ਜੰਤੂ, ਪੰਛੀ ਤੇ ਰੁੱਖਾਂ ਤੇ ਵੀ ਪੈ ਰਿਹਾ ਏ। ਮਤਲਬ-ਸਾਰੀ ਕਾਇਨਾਤ ਲਈ ਬੜਾ ਖ਼ਤਰਨਾਕ ਏ। ਦਿਨ-ਬਦਿਨ ਵਧ ਰਹੇ ਪ੍ਰਦੂਸ਼ਣ ਨਾਲ ਆਲਮੀ ਤਪਸ਼ ਵਧ ਰਹੀ ਏ। ਜਲਵਾਯੂ ਵਿੱਚ ਤਬਦੀਲੀ ਤੇ ਕੈਂਸਰ ਵਰਗੀਆਂ ਬੀਮਾਰੀਆਂ ਵੀ ਫ਼ੈਲ ਰਹੀਆਂ ਹਨ। ਇਸ ਤੋਂ ਪਹਿਲਾਂ ਕਿ ਦੇਰ ਹੋ ਜਾਵੇ, ਸਾਨੂੰ ਵਾਤਾਵਰਨ ਨੂੰ ਸਵੱਛ ਬਣਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਏ। ਮਨੁੱਖੀ ਜੀਵਨ ਨੂੰ ਚਲਦਾ ਰੱਖਣ ਲਈ ਸ਼ੁਧ ਆਕਸੀਜਨ ਪੈਦਾ ਕਰਨ ਲਈ ਵਿਹਲੀਆਂ ਥਾਵਾਂ 'ਤੇ ਰੁੱਖ ਲਾਉਣੇ ਤੇ ਨਦੀਆਂ-ਨਾਲਿਆਂ ਦੀ ਸਫ਼ਾਈ ਕਰਨੀ ਚਾਹੀਦੀ ਏ।

ਦਿਨੋਂ ਦਿਨ ਵਧ ਰਿਹਾ ਪ੍ਰਦੂਸ਼ਣ ਮਾਨਵ ਜਾਤੀ ਤੇ ਪ੍ਰਕਿਰਤੀ ਲਈ ਖ਼ਤਰਾ ਬਣਦਾ ਜਾ ਰਿਹਾ ਏ। ਪ੍ਰਦੂਸ਼ਣ ਦੀ ਰੋਕਥਾਮ ਕਰਨੀ ਕੇਵਲ ਸਰਕਾਰ ਜਾਂ ਪ੍ਰਸ਼ਾਸਨ ਦਾ ਹੀ ਕੰਮ ਨਹੀਂ, ਸਗੋਂ ਹਰ ਨਾਗਰਿਕ ਦਾ ਫਰਜ਼ ਏ। ਇਸ ਫਰਜ਼ ਦੀ ਪੂਰਤੀ ਲਈ ਵਾਤਾਵਰਣ ਨੂੰ ਸਵੱਛ ਰੱਖਣ ਲਈ ਸਭ ਨੂੰ ਬਣਦਾ ਯੋਗਦਾਨ ਪਾਉਣ ਲਈ ਸੁਚੇਤ ਹੋਣਾ ਚਾਹੀਦਾ ਏ। ਦੇਖਿਆ ਜਾਵੇ ਤਾਂ ਹਰ ਪਾਸੇ ਫੈਲ ਰਹੇ ਪ੍ਰਦੂਸ਼ਣ ਦੇ ਜ਼ਿੰਮੇਵਾਰ ਅਸੀਂ ਖ਼ੁਦ ਹਾਂ। ਉਮੀਦ ਤੋਂ ਜ਼ਿਆਦਾ ਪ੍ਰਦੂਸ਼ਣ ਸਾਡੀ ਆਪਣੀ ਅਣਗਹਿਲੀ ਏ।

ਆਓ, ਵਧ ਰਹੇ ਪ੍ਰਦੂਸ਼ਣ ਦੇ ਕਾਰਣਾਂ 'ਤੇ ਝਾਤੀ ਮਾਰੀਏ- ਗੁਰੂ ਨਾਨਕ ਦੇਵ ਜੀ ਨੇ ਹਵਾ ਨੂੰ 'ਪਵਣ ਗੁਰੂ' ਕਹਿ ਕੇ ਵਡਿਆਇਆ ਏ ਕਿ 'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ' ਭਾਵ ਹਵਾ ਤੋਂ ਜਲ ਦੀ ਉਤਪਤੀ ਹੋਈ। ਜਿਸ ਨਾਲ ਸਾਰੇ ਬ੍ਰਹਿਮੰਡ ਦੀ ਰਚਨਾ ਹੋਈ ਏ। ਉਹ ਪਵਣ ਅਥਵਾ ਹਵਾ, ਜਿਸ ਨਾਲ ਸਾਡੀ ਜ਼ਿੰਦਗੀ ਤੇ ਕੁਦਰਤ ਚੱਲ ਰਹੀ ਏ। ਅੱਜ ਉਹ ਹਵਾ ਪ੍ਰਦੂਸ਼ਿਤ ਹੋ ਚੁੱਕੀ ਏ। ਜਿਸਦਾ ਕਾਰਨ ਧੂੜ, ਧੂੰਆਂ ਤੇ ਜ਼ਹਿਰੀਲੀਆਂ ਗੈਸਾਂ ਹਨ। ਹਵਾ ਵਿੱਚ ਉੱਡਦੀ ਧੂੜ ਦੇ ਕਣਾਂ ਦੀ ਬਹੁਤਾਤ ਤੇ ਵਾਹਨਾਂ ਦੇ ਛੱਡੇ ਧੂੰਏਂ ਦੀ ਮਿਲਾਵਟ ਨੇ ਸਾਹ ਲੈਣਾ ਦੁੱਭਰ ਕੀਤਾ ਹੋਇਆ ਏ। ਹਵਾ ਵਿੱਚ ਰਲਦੇ ਧੂੜ ਦੇ ਕਣਾਂ ਨੂੰ ਜੇ ਕੁਦਰਤੀ ਵੀ ਮੰਨ ਲਈਏ ਤਾਂ ਵਹੀਕਲਜ਼ ਦੁਆਰਾ ਛੱਡੇ ਜਾ ਰਹੇ ਧੂੰਏਂ ਨੂੰ ਕੰਟਰੋਲ ਕਰਨਾ ਤਾਂ ਸਾਡੇ ਵੱਸ ਏ। ਇਹ ਵੱਖਰੀ ਗੱਲ ਏ ਕਿ ਹਰ ਵਹੀਕਲ ਚਾਲਕ ਕੋਲ ਪ੍ਰਦੂਸ਼ਣ ਵਾਲਾ ਸਰਟੀਫਿਕੇਟ ਹੈ, ਜਿਹੜਾ 50 ਕੁ ਰੁਪਏ ਵਿੱਚ ਕਿਤੋਂ ਵੀ ਤੇ ਕਦੇ ਵੀ ਮਿਲ ਜਾਂਦਾ ਏ, ਪਰ ਉਹਦਾ ਲਾਭ ਕੀ ਏ ? ਕੁੱਝ ਵੀ ਨਹੀਂ, ਮਹਿਜ਼ ਚਲਾਨ ਤੋਂ ਬਚਣ ਲਈ ਇੱਕ ਫਾਲਤੂ ਦਸਤਾਵੇਜ਼ ਏ। ਧੂੰਏਂ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੀਆਂ ਜ਼ਹਿਰੀਲੀਆਂ ਗੈਸਾਂ ਦਾ ਰਿਸਾਅ ਕਾਇਨਾਤ ਦੇ ਵਿਨਾਸ਼ ਦਾ ਕਾਰਨ ਬਣ ਰਹੀਆਂ ਹਨ। ਸਭ ਤੋਂ ਖ਼ਤਰਨਾਕ ਪ੍ਰਮਾਣੂ ਪਦਾਰਥਾਂ ਦੀ ਅਤਿ ਮਾਰੂ ਰੈਡੀਏਸ਼ਨ ਏ। ਜੋ ਬੜੀ ਤੇਜ਼ੀ ਨਾਲ ਫੈਲਦੀ ਏ ਤੇ ਵਾਤਾਵਰਣ ਦਾ ਤਾਪਮਾਨ ਬਹੁਤ ਜ਼ਿਆਦਾ ਵਧ ਜਾਂਦਾ ਏ। ਇਸ ਦੀ ਲਪੇਟ ਵਿੱਚ ਆਈ ਹਰ ਚੀਜ਼ ਖਤਮ ਹੋ ਜਾਂਦੀ ਏ।

ਜਿਸ ਪਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ 'ਪਾਣੀ ਪਿਤਾ' ਦਾ ਦਰਜਾ ਦਿੱਤਾ ਤੇ 'ਪਹਿਲਾ ਪਾਣੀ ਜੀਉ ਹੈ' ਕਹਿ ਕੇ ਕੁਦਰਤ ਦਾ ਸਿਰਜਕ ਆਖਿਆ, ਅੱਜ ਦਾ ਮਨੁੱਖ ਉਸ ਪਾਣੀ ਅਥਵਾ ਜਲ ਨੂੰ ਕਿਸ ਕਦਰ ਗੰਧਲਾ ਤੇ ਬਰਬਾਦ ਕਰ ਰਿਹਾ ਏ। ਸ਼ਾਇਦ ਦੱਸਣ ਦੀ ਕੋਈ ਜ਼ਰੂਰਤ ਨਹੀਂ। ਛੱਪੜਾਂ ਤੋਂ ਲੈ ਕੇ ਨਦੀਆਂ-ਨਾਲਿਆਂ ਤੇ ਦਰਿਆਵਾਂ ਦਾ ਪਾਣੀ ਗੰਧਲਾ ਹੋ ਚੁੱਕਾ ਏ। ਆਮ ਲੋਕਾਂ ਦੇ ਘਰਾਂ ਤੇ ਕਾਰਖਾਨੇ ਅਤੇ ਫੈਕਟਰੀਆਂ ਦਾ ਰਸਾਇਣਕ ਪਦਾਰਥਾਂ ਜਾਂ ਕੈਮੀਕਲ ਨਾਲ ਪਲੀਤ ਹੋਇਆ ਗੰਦਾ ਪਾਣੀ ਬਿਨਾਂ ਸਾਫ਼ ਕੀਤਿਆਂ ਨਦੀਆਂ-ਨਾਲਿਆਂ ਤੇ ਦਰਿਆਵਾਂ ਵਿੱਚ ਸੁੱਟਿਆ ਜਾ ਰਿਹਾ ਏ। ਵਾਤਾਵਰਣ ਵਿਭਾਗ ਇਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ ਨੂੰ ਚਾਹੀਦਾ ਏ ਕਿ ਉਹ ਹਰ ਉਸ ਅਦਾਰੇ ਨੂੰ ਸਖ਼ਤ ਹਦਾਇਤ ਕਰੇ ਕਿ ਕਾਰਖਾਨੇ ਜਾਂ ਹਰ ਤਰ੍ਹਾਂ ਦੀਆਂ ਫੈਕਟਰੀਆਂ ਆਪਣਾ ਕੈਮੀਕਲ ਯੁਕਤ ਤੇ ਖਰਾਬ ਪਾਣੀ ਫਿਲਟਰੇਸ਼ਨ ਕਰਕੇ ਹੀ ਨਦੀਆਂ-ਨਾਲਿਆਂ ਵਿੱਚ ਸੁੱਟਣ। ਇਸ ਪ੍ਰਕਿਰਿਆ ਨੂੰ ਵੀ ਹਰ ਮਹੀਨੇ ਜਾਂ ਨੀਯਤ ਸਮੇਂ ਚੈੱਕ ਕਰਦੇ ਰਹਿਣਾ ਚਾਹੀਦਾ ਏ ਤਾਂ ਕਿ ਪਾਣੀ ਨੂੰ ਗੰਧਲਾ ਹੋਣ ਤੋਂ ਬਚਾਇਆ ਜਾ ਸਕੇ। ਵੱਡੇ ਵੱਡੇ ਉਦਯੋਗਾਂ 'ਚੋਂ ਨਿਕਲਦਾ ਗਰਮ-ਗਰਮ ਪਾਣੀ ਵੀ ਵਾਤਾਵਰਣ 'ਤੇ ਦੁਰਪ੍ਰਭਾਵ ਪਾਉਂਦਾ ਏ ਤੇ ਜਲ ਸਰੋਤਾਂ ਦਾ ਤਾਪਮਾਨ ਵਧਦਾ ਏ।

'ਮਾਤਾ ਧਰਤਿ ਮਹਤੁ' ਦੇ ਉਪਦੇਸ਼ 'ਤੇ ਅਮਲ ਕਰਨ ਦੀ ਡਾਹਢੀ ਲੋੜ ਏ। ਧਰਤੀ ਜਾਂ ਮਿੱਟੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਰਸਾਇਣਕ ਖਾਦਾਂ ਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਘੱਟ ਤੋਂ ਘੱਟ ਤੇ ਮਾਹਿਰਾਂ ਦੀ ਸਲਾਹ ਅਨੁਸਾਰ ਕਰਨੀ ਚਾਹੀਦੀ ਏ। ਕਿਸਾਨ ਵੀਰ ਵੇਖੋ-ਵੇਖੀ ਫਾਲਤੂ ਸਪਰੇਆਂ ਤੇ ਖਾਦਾਂ ਦੀ ਵਰਤੋਂ ਨਾ ਕਰਨ। ਲੋੜ ਤੋਂ ਵੱਧ ਖਾਦਾਂ ਜਾਂ ਦਵਾਈਆਂ ਧਰਤੀ ਅਥਵਾ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਕਮਜ਼ੋਰ ਕਰਦੀਆਂ ਹਨ। ਜਿਸ ਨਾਲ ਫਸਲਾਂ ਦਾ ਝਾੜ ਤੇ ਦਾਣਿਆਂ ਦੀ ਗੁਣਵੱਤਾ ਵੀ ਘਟ ਜਾਂਦੀ ਏ।

ਤੇਜ਼ ਰਫ਼ਤਾਰ ਵਾਹਨਾਂ ਦੇ ਵੱਜਦੇ ਬੇਲੋੜੇ ਹਾਰਨ ਤੇ ਦਿਨ ਰਾਤ ਚੱਲਦੇ ਲਾਊਡ-ਸਪੀਕਰ ਅਤੇ ਡੀਜੇ ਦੀਆਂ ਕੰਨ-ਪਾੜਵੀਆਂ ਆਵਾਜ਼ਾਂ ਦਾ ਸੋਰ-ਪ੍ਰਦੂਸ਼ਣ ਆਮ ਲੋਕਾਂ ਦਾ ਜੀਣਾ ਦੁੱਭਰ ਕਰਨ ਵਿੱਚ ਪੂਰਾ ਯੋਗਦਾਨ ਪਾ ਰਿਹਾ ਏ। ਫੈਕਟਰੀਆਂ ਵਿਚਲੀਆਂ ਮਸ਼ੀਨਾਂ ਦੇ ਸ਼ੋਰ-ਸ਼ਰਾਬੇ ਦੀ ਕਹਾਣੀ ਟਰੈਕਟਰਾਂ 'ਤੇ ਲੱਗੇ ਧੱਮਕ ਪਾਉਂਦੇ ਡਿੱਕਾਂ ਨੂੰ ਮਾਤ ਪਾਉਂਦੀ ਏ। ਇਸ ਸ਼ੋਰ ਪ੍ਰਦੂਸ਼ਣ ਵੱਲ ਵੀ ਧਿਆਨ ਦੇਣ ਦੀ ਲੋੜ ਏ। ਹਰ ਤਰ੍ਹਾਂ ਦਾ ਪ੍ਰਦੂਸ਼ਣ ਮਨੱਖਤਾ ਲਈ ਘਾਤਕ ਤੇ ਮਾਰੂ ਏ। ਇਨ੍ਹਾਂ ਹਾਲਾਤਾਂ ਤੋਂ ਬਚਣ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਬਣਾਉਣ ਲਈ ਸਾਨੂੰ ਆਪਣੇ ਘਰ ਦੀ ਤਰ੍ਹਾਂ ਆਸੇ-ਪਾਸੇ ਦੀ ਸਫ਼ਾਈ ਵੱਲ ਵੀ ਧਿਆਨ ਮਾਰਨਾ ਚਾਹੀਦਾ ਏ ਕਿਉਂਕਿ ਇਹ ਇੱਕ ਦੀ ਨਹੀਂ, ਸਗੋਂ ਸਭਨਾਂ ਦਾ ਸਮੱਸਿਆ ਏ।

ਪ੍ਰਦੂਸ਼ਣ ਦੀ ਰੋਕਥਾਮ ਲਈ ਸਾਨੂੰ ਕੁਝ ਗੱਲਾਂ ਜ਼ਿੰਦਗੀ ਦਾ ਹਿੱਸਾ ਬਣਾਉਣੀਆਂ ਪੈਣਗੀਆਂ। ਜਿਵੇਂ ਵੱਧ ਤੋਂ ਵੱਧ ਰੁੱਖ ਲਗਾਉਣੇ, ਪਲਾਸਟਿਕ ਦੀ ਵਰਤੋਂ ਘੱਟ ਕਰਨੀ ਤੇ ਵਿਆਹ-ਸ਼ਾਦੀਆਂ ਵਿੱਚ ਡਿਸਪੋਜ਼ਲ ਭਾਂਡਿਆਂ ਤੋਂ ਗੁਰੇਜ਼ ਕਰਨਾ ਹੈ। ਰਾਹ-ਖੈਹਿੜੇ ਜਾਂਦਿਆਂ ਜਾਂ ਸਫ਼ਰ ਕਰਦਿਆਂ ਖਾ-ਪੀ ਕੇ ਖਾਲੀ ਲਿਫ਼ਾਫ਼ੇ ਤੇ ਬੋਤਲਾਂ ਨੂੰ ਸੜਕਾਂ ਜਾਂ ਖਾਲੀ ਥਾਵਾਂ 'ਤੇ ਨਾ ਸੁੱਟੋ। ਬੱਸਾਂ ਤੇ ਘਰਾਂ ਵਿੱਚ ਡਸਟਬਿਨ ਜਾਂ ਗਾਰਬੇਜ ਦੀ ਲੋੜ ਏ। ਪਬਲਿਕ ਥਾਵਾਂ 'ਤੇ ਵੀ ਮਿਊਸਪਲ ਕਮੇਟੀਆਂ ਨੂੰ ਬੇਅਰਥ ਕੂੜੇ ਲਈ ਡਰੱਮ ਰੱਖਣ ਦਾ ਬੰਦੋਬਸਤ ਕਰਨਾ ਚਾਹੀਦਾ ਏ। ਉਪਰੰਤ ਇਕੱਠੇ ਕੀਤੇ ਕੂੜੇ ਦੀ ਸੰਭਾਲ ਕੁੱਝ ਇਸ ਤਰ੍ਹਾਂ ਦੀ ਹੋਵੇ, ਜਿਸਦਾ ਵਾਤਾਵਰਣ 'ਤੇ ਦੁਰਪ੍ਰਭਾਵ ਨਾ ਪਵੇ। ਕੁਦਰਤੀ ਸੋਮਿਆਂ ਦੀ ਸੰਭਾਲ ਤੇ ਆਸ-ਪਾਸ ਦੀ ਦੇਖਭਾਲ ਪ੍ਰਦੂਸ਼ਣ ਦੀ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਘੱਟ ਕਰ ਸਕਦੀ ਏ। ਹਕੀਕਤ ਵਿੱਚ ਪ੍ਰਦੂਸ਼ਣ ਰਹਿਤ ਸਾਫ਼ ਵਾਤਾਵਰਣ ਹੀ ਸਫਲ ਤੇ ਤੰਦਰੁਸਤ ਜੀਵਨ ਦਾ ਰਾਜ ਏ।

**ਸੁਖਦੇਵ ਸਿੰਘ ਭੁੱਲੜ**
**ਜ਼ੀਰਾ**
**9417046117**

# ਤੰਦੂਰੀ ਪੰਜਾਬ

ਏ.ਸੀ. ਦੀ ਠੰਢ ਅੰਦਰ, ਬਾਹਰ ਅੱਗ ਦਾ ਵਗੇ ਦਰਿਆ।
ਝੋਨਿਆਂ 'ਚੋਂ ਉੱਠਦੇ ਵਾਸ਼ਪਾਂ ਦੇ ਧੂੰਏਂ, ਕਹਿਰ ਦਿੱਤਾ ਢਾਹ।
ਬੱਦਲ ਆ ਕੇ ਮੁੜ ਜਾਂਦੇ, ਮੀਂਹ ਰਸਤੇ ਵਿੱਚ ਰਹਿ ਜਾਂਦਾ,
ਹਰ ਗਲੀ ਮੁਹੱਲੇ 'ਚ ਏ.ਸੀ. ਦਾ ਰੌਲਾ ਸ਼ੋਰ ਰਿਹਾ ਮਚਾ।
ਫ਼ਸਲਾਂ ਦੀ ਪੈਦਾਵਾਰ ਵਧਾਉਂਦਿਆਂ, ਘਟਾ ਲਏ ਦਰੱਖਤ,
ਕੱਟਣ ਵਾਲੇ ਤਾਂ ਬਹੁਤੇ ਨੇ ਪਰ ਨਵੇਂ ਕੋਈ ਰਿਹਾ ਨਾ ਲਗਾ।
ਬਿਜਲੀ ਦੀ ਵੋਲਟੇਜ ਘਟੀ, ਮਾੜੇ ਦਾ ਪੱਖਾ ਘੁੰਮਦਾ ਨਾ,
ਤਕੜਿਆਂ ਜਨਰੇਟਰਾਂ ਤੇ ਸੋਲਰਾਂ ਦੇ ਨਾਲ
ਸ਼ਿਮਲਾ ਲਿਆ ਬਣਾ।
ਹੁੰਮਸ ਤੇ ਤਪਸ਼ ਨਾਲ ਤੰਦੂਰ ਬਣਿਆ ਪੰਜਾਬ ਅੱਜਕਲ,
ਜਦ ਤੱਕ ਮੌਸਮ ਨਹੀਂ ਬਦਲਦਾ, ਆਪਣਾ ਆਪ ਬਚਾ।

ਏ ਸੀ ਕਮਰੇ ਜਾਂ ਗੱਡੀ ਨੂੰ ਅੰਦਰੋਂ ਜਿੰਨਾ ਠੰਡਾ ਕਰਦਾ ਹੈ ਬਾਹਰ ਉਸ ਤੋਂ ਕਿਤੇ ਜ਼ਿਆਦਾ ਤਪਸ਼ ਪੈਦਾ ਕਰਦਾ ਹੈ। ਝੋਨੇ ਦੇ ਖੇਤ ਵਿੱਚ ਖੜੇ ਪਾਣੀ ਦਾ ਧੁੱਪ ਤੇ ਗਰਮੀ ਨਾਲ ਵਾਸ਼ਪੀਕਰਨ ਹੁੰਦਾ



ਹੈ। ਜਦੋਂ ਇਹ ਗਰਮ ਵਾਸ਼ਪ ਹਵਾ ਵਿੱਚ ਰਲਦੇ ਨੇ ਤਾਂ ਗਰਮੀ ਕਈ ਗੁਣਾ ਵਧ ਜਾਂਦੀ ਹੈ। ਉੱਪਰ ਬੱਦਲ ਬਣਦੇ ਨੇ ਪਰ ਵਾਤਾਵਰਨ ਵਿੱਚ ਬਹੁਤ ਜ਼ਿਆਦਾ ਨਮੀ ਹੋਣ ਦੇ ਕਾਰਨ ਉਚਿਤ ਦਬਾਅ ਨਹੀਂ ਬਣਦਾ। ਬੱਦਲ ਅੱਗੇ ਲੰਘ ਜਾਂਦੇ ਨੇ ਤੇ ਮੀਂਹ ਪੈਂਦਾ ਪੈਂਦਾ ਰਹਿ ਜਾਂਦਾ ਹੈ। ਆਸੇ ਪਾਸੇ ਨਜ਼ਰ ਮਾਰੀਏ ਤਾਂ ਹਰ ਗੱਡੀ, ਦੁਕਾਨਾਂ, ਮਕਾਨਾਂ ਤੇ ਦਫ਼ਤਰਾਂ ਵਿੱਚ ਪਤਾ ਨੀ ਕਿੰਨੇ ਕੁ ਏ ਸੀ ਚੱਲ ਰਹੇ ਨੇ। ਇਸ ਕਦਰ ਹੁੰਮਸ ਦੀ ਭਰਮਾਰ ਹੈ ਕਿ ਪੰਜਾਬ ਇਸ ਵੇਲੇ ਇੱਕ ਚੱਲਦਾ ਫਿਰਦਾ ਤੰਦੂਰ ਹੀ ਬਣਿਆ ਪਿਆ ਹੈ।



**ਗੁਰਜਿੰਦਰ ਸਿੰਘ ਸਾਹਦੜਾ**
**9815302341**

# ਸੱਚ ਅਤੇ ਝੂਠ

ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ, ਸੱਚ ਬੋਲ ਕੇ ਕੁਝ ਯਾਦ ਨਹੀਂ ਰੱਖਣਾ ਪੈਂਦਾ, ਸੱਚ ਕਦੇ ਹਾਰਦਾ ਨਹੀਂ—ਅਸੀਂ ਬਚਪਨ ਤੋਂ ਅਜਿਹੀਆਂ ਅਣਗਿਣਤ ਕਹਾਵਤਾਂ ਸੁਣਦੇ ਆਏ ਹਾਂ। ਮੈਂ ਵੀ ਇਹਨਾਂ ਦਾ ਸਤਿਕਾਰ ਕਰਦਾ ਹਾਂ।

ਪਰ ਆਪਣੀ ਲੰਘੀ ਉਮਰ ਦੇ ਤਜਰਬੇ ਦੇ ਆਧਾਰ 'ਤੇ ਇੱਕ ਗੱਲ ਜ਼ਰੂਰ ਕਹਾਂਗਾ ਕਿ ਅੱਜ ਤੱਕ ਮੈਨੂੰ ਕੋਈ ਐਸਾ ਇਨਸਾਨ ਨਹੀਂ ਮਿਲਿਆ ਜਿਸ ਨੇ ਆਪਣੀ ਪੂਰੀ ਜ਼ਿੰਦਗੀ ਵਿੱਚ ਇੱਕ ਵੀ ਝੂਠ ਨਾ ਬੋਲਿਆ ਹੋਵੇ। ਸ਼ਾਇਦ ਸੱਚ ਅਤੇ ਝੂਠ ਦੀ ਲੜਾਈ ਜਿੰਨੀ ਪੁਰਾਣੀ ਹੈ, ਓਨੀ ਹੀ ਪੁਰਾਣੀ ਇਨਸਾਨੀ ਮਜਬੂਰੀ ਵੀ ਹੈ।

ਫ਼ਰਕ ਸਿਰਫ਼ ਇਹ ਹੈ ਕਿ ਝੂਠ ਦਾ ਮਕਸਦ ਕੀ ਹੈ। ਕੋਈ ਆਪਣੇ ਆਪ ਨੂੰ ਵੱਡਾ ਦਿਖਾਉਣ ਲਈ ਝੂਠ ਬੋਲਦਾ ਹੈ। ਕੋਈ ਦੂਜਿਆਂ ਨੂੰ ਨੀਵਾਂ ਦਿਖਾਉਣ ਲਈ ਝੂਠ ਬੋਲਦਾ ਹੈ। ਕੋਈ ਕਿਸੇ ਦਾ ਹੌਸਲਾ ਵਧਾਉਣ ਲਈ ਝੂਠ ਬੋਲਦਾ ਹੈ। ਕੋਈ ਕਿਸੇ ਦੀ ਜਾਨ ਬਚਾਉਣ ਲਈ ਝੂਠ ਬੋਲਦਾ ਹੈ। ਇਸ ਲਈ ਮੇਰੇ ਖ਼ਿਆਲ ਵਿੱਚ ਹਰ ਝੂਠ ਨੂੰ ਇੱਕੋ ਤੱਕੜੀ ਵਿੱਚ ਨਹੀਂ ਤੋਲਿਆ ਜਾ ਸਕਦਾ।

ਸਾਢੇ ਤਿੰਨ ਮਹੀਨੇ ਪਹਿਲਾਂ ਮੇਰਾ ਇੱਕ ਵੱਡਾ ਅਪਰੇਸ਼ਨ ਹੋਇਆ। ਸਰੀਰ ਵਿਚੋਂ ਕਾਫ਼ੀ ਸਾਰਾ ਮਾਸ ਕੱਢਿਆ ਗਿਆ। ਪਹਿਲੇ ਕੁਝ ਦਿਨ ਜਦੋਂ ਡਾਕਟਰ ਜ਼ਖ਼ਮ ਦੀ ਪੱਟੀ ਕਰਦੇ ਸਨ ਤਾਂ ਦਰਦ ਇੰਨਾ ਹੁੰਦਾ ਸੀ ਕਿ ਮੈਂ ਉੱਚੀ-ਉੱਚੀ ਚੀਕਾਂ ਮਾਰ ਕੇ ਰੋਂਦਾ ਸੀ। ਦੋ ਜਣੇ ਮੇਰੀਆਂ ਲੱਤਾਂ-ਬਾਹਾਂ ਫੜ ਕੇ ਰੱਖਦੇ ਸਨ।

ਪਰ ਕੁਝ ਹੀ ਮਿੰਟਾਂ ਬਾਅਦ ਜਦੋਂ ਘਰੋਂ ਫ਼ੋਨ ਆਉਂਦਾ, ਮੈਂ ਇੱਕੋ ਗੱਲ ਕਹਿੰਦਾ—"ਮੈਂ ਬਿਲਕੁਲ ਠੀਕ ਹਾਂ, ਕੋਈ ਤਕਲੀਫ਼ ਨਹੀਂ।" ਇਹ ਝੂਠ ਸੀ, ਪਰ ਆਪਣੇ ਪਰਿਵਾਰ ਨੂੰ ਚਿੰਤਾ ਤੋਂ ਬਚਾਉਣ ਲਈ।

ਫਿਰ ਜਦੋਂ ਡਾਕਟਰ ਘਰੇ ਪੱਟੀ ਕਰਦਾ ਸੀ ਤਾਂ ਪਰਿਵਾਰ ਮੈਂਬਰਾਂ ਨੂੰ ਪੁੱਛਦਾ ਕਿ ਜ਼ਖ਼ਮ ਕਿੰਨਾ ਹੈ, ਉਹ ਕਹਿੰਦੇ—"ਛੋਟਾ ਜਿਹਾ ਹੈ, ਮਹੀਨੇ ਵੀਹ ਦਿਨਾਂ ਵਿੱਚ ਠੀਕ ਹੋ ਜਾਵੇਗਾ।" ਮੇਰੇ ਆਪਣੇ ਵੀ ਇਹੀ ਕਹਿੰਦੇ ਰਹੇ। ਹਕੀਕਤ ਵਿੱਚ ਜ਼ਖ਼ਮ ਕਾਫ਼ੀ ਵੱਡਾ ਸੀ। ਉਹ ਵੀ ਝੂਠ ਬੋਲ ਰਹੇ ਸਨ, ਪਰ ਮੈਨੂੰ ਹੌਸਲਾ ਦੇਣ ਲਈ।

ਦੋਸਤ ਵੀ ਮਿਲਣ ਆਏ ਤਾਂ ਕਹਿੰਦੇ—"ਕੁਝ ਨਹੀਂ, ਛੋਟਾ ਜਿਹਾ ਜ਼ਖ਼ਮ ਹੈ।" ਪਰ ਉਹਨਾਂ ਦੇ ਚਿਹਰਿਆਂ 'ਤੇ ਚਿੰਤਾ ਸਾਫ਼ ਦਿਖਾਈ ਦਿੰਦੀ ਸੀ।

ਫਿਰ ਜਦੋਂ ਅਸੀਂ ਬਾਜ਼ਾਰ ਵਿੱਚ ਕੋਈ ਚੀਜ਼ ਖਰੀਦਣ ਜਾਂਦੇ ਹਾਂ ਤਾਂ ਦੁਕਾਨਦਾਰ ਕਹਿੰਦਾ ਹੈ—"ਤੇਰੇ ਤੋਂ ਕੁਝ ਨਹੀਂ ਕਮਾਇਆ, ਆਪਣੀ ਖਰੀਦ 'ਤੇ ਹੀ ਦੇ ਦਿੱਤਾ।" ਇਹੋ ਗੱਲ ਉਹ ਹਰ ਗਾਹਕ ਨੂੰ ਕਹਿੰਦਾ ਹੈ।

ਅਜਿਹੀਆਂ ਉਦਾਹਰਨਾਂ ਜ਼ਿੰਦਗੀ ਵਿੱਚ ਹਰ ਰੋਜ਼ ਮਿਲ ਜਾਂਦੀਆਂ ਹਨ।

ਮੇਰੇ ਵਿਚਾਰ ਵਿੱਚ ਗੱਲ ਇਹ ਨਹੀਂ ਕਿ ਝੂਠ ਬੋਲਿਆ ਜਾਂ ਨਹੀਂ, ਗੱਲ ਇਹ ਹੈ ਕਿ ਝੂਠ ਕਿਸ ਨੀਅਤ ਨਾਲ ਬੋਲਿਆ ਗਿਆ।

ਜੇ ਝੂਠ ਕਿਸੇ ਦਾ ਹੱਕ ਮਾਰਨ, ਧੋਖਾ ਦੇਣ ਜਾਂ ਕਿਸੇ ਨੂੰ ਬਦਨਾਮ ਕਰਨ ਲਈ ਬੋਲਿਆ ਜਾਵੇ ਤਾਂ ਉਹ ਗਲਤ ਹੈ। ਪਰ ਜੇ ਕਿਸੇ ਟੁੱਟੇ ਹੋਏ ਮਨ ਨੂੰ ਹੌਸਲਾ ਦੇਣ, ਕਿਸੇ ਪਰਿਵਾਰ ਨੂੰ ਫ਼ਿਕਰ ਤੋਂ ਬਚਾਉਣ ਜਾਂ ਕਿਸੇ ਦੀ ਜਾਨ ਬਚਾਉਣ ਲਈ ਬੋਲਿਆ ਜਾਵੇ, ਤਾਂ ਉਸ ਦਾ ਮਕਸਦ ਵੱਖਰਾ ਹੁੰਦਾ ਹੈ।

ਇਸ ਲਈ ਮੇਰੇ ਤਜਰਬੇ ਅਨੁਸਾਰ, ਦੁਨੀਆ ਵਿੱਚ ਸ਼ਾਇਦ ਹੀ ਕੋਈ ਅਜਿਹਾ ਇਨਸਾਨ ਹੋਵੇ ਜਿਸ ਨੇ ਕਦੇ ਝੂਠ ਨਾ ਬੋਲਿਆ ਹੋਵੇ। ਸਾਨੂੰ ਇਹ ਮੰਨਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ਕਿ ਝੂਠ ਵੀ ਸਾਡੀ ਜ਼ਿੰਦਗੀ ਦਾ ਇੱਕ ਹਿੱਸਾ ਹੈ। ਹਾਂ, ਅਸਲ ਗੱਲ ਇਹ ਹੈ ਕਿ ਸਾਡਾ ਝੂਠ ਕਿਸੇ ਦਾ ਨੁਕਸਾਨ ਕਰਦਾ ਹੈ ਜਾਂ ਕਿਸੇ ਦਾ ਹੌਸਲਾ ਬਣਦਾ ਹੈ।



**ਬੂਟਾ ਸਿੰਘ ਭਦੌੜ**

# ਪਦਾਰਥ ਅਤੇ ਸਮਾਂ

ਵਿਗਿਆਨ ਅਨੁਸਾਰ ਪਦਾਰਥ (Matter) ਉਹ ਹੈ ਜਿਸ ਦਾ ਪੁੰਜ (ੳਸਸ) ਹੁੰਦਾ ਹੈ ਅਤੇ ਜੋ ਸਥਾਨ (ਸ਼ਪੳਚੲ) ਘੇਰਦਾ ਹੈ। ਸਦੀਆਂ ਤੋਂ ਇਹ ਪਰਿਭਾਸ਼ਾ ਵਿਗਿਆਨ ਦਾ ਆਧਾਰ ਰਹੀ ਹੈ। ਪਰ ਆਧੁਨਿਕ ਭੌਤਿਕ ਵਿਗਿਆਨ ਨੇ ਇਹ ਸਾਬਤ ਕੀਤਾ ਹੈ ਕਿ ਪਦਾਰਥ, ਊਰਜਾ, ਸਥਾਨ ਅਤੇ ਸਮਾਂ ਆਪਸ ਵਿੱਚ ਡੂੰਘੇ ਤੌਰ 'ਤੇ ਜੁੜੇ ਹੋਏ ਹਨ। ਇਸ ਸੰਦਰਭ ਵਿੱਚ ਇੱਕ ਵਿਚਾਰ ਬਹੁਤ ਹੀ ਖਾਸ ਹੈ ਕਿ ਪਦਾਰਥ ਅਸਲ ਵਿੱਚ ਸਮੇਂ ਦੇ ਬੀਤਣ ਨਾਲ ਬਣੀ ਇੱਕ ਇਕਾਈ ਹੈ।

ਇਹ ਵਿਚਾਰ ਕੋਈ ਸਥਾਪਤ ਵਿਗਿਆਨਕ ਨਿਯਮ ਨਹੀਂ, ਸਗੋਂ ਇੱਕ ਦਾਰਸ਼ਨਿਕ ਅਤੇ ਵਿਗਿਆਨਕ ਵਿਆਖਿਆ ਹੈ। ਇਸ ਅਨੁਸਾਰ ਪਦਾਰਥ ਸਿਰਫ਼ ਕੋਈ ਅਟੱਲ ਵਸਤੂ ਨਹੀਂ, ਬਲਕਿ ਸਮੇਂ ਦੇ ਲਗਾਤਾਰ ਪ੍ਰਵਾਹ ਵਿੱਚ ਊਰਜਾ ਦੇ ਬਦਲਦੇ ਰੂਪਾਂ ਦਾ ਨਤੀਜਾ ਹੈ। ਬ੍ਰਹਿਮੰਡ ਵਿੱਚ ਮੌਜੂਦ ਹਰ ਪਰਮਾਣੂ, ਹਰ ਤਾਰਾ, ਹਰ ਗ੍ਰਹਿ ਅਤੇ ਹਰ ਜੀਵ ਆਪਣੇ ਅੰਦਰ ਕਰੋੜਾਂ-ਅਰਬਾਂ ਸਾਲਾਂ ਦੀ ਵਿਕਾਸ ਯਾਤਰਾ ਦਾ ਇਤਿਹਾਸ ਸੰਭਾਲੇ ਬੈਠਾ ਹੈ।

ਬਿਗ ਬੈਂਗ ਸਿਧਾਂਤ ਮੁਤਾ-ਬਕ ਬ੍ਰਹਿਮੰਡ ਦੀ ਸ਼ੁਰੂਆਤ ਬੇਅੰਤ ਸੰਘਣੀ ਅਤੇ ਉੱਚ ਤਾਪਮਾਨ ਵਾਲੀ ਊਰਜਾ ਨਾਲ ਹੋਈ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਇਹ ਊਰਜਾ ਮੁੱਢਲੇ ਕਣਾਂ ਵਿੱਚ ਬਦਲੀ। ਇਨ੍ਹਾਂ ਕਣਾਂ ਤੋਂ ਪਰਮਾਣੂ ਬਣੇ, ਪਰਮਾਣੂਆਂ ਤੋਂ ਅਣੂ, ਅਣੂਆਂ ਤੋਂ ਤਾਰੇ ਅਤੇ ਗਲੈਕਸੀਆਂ ਬਣੀਆਂ ਅਤੇ ਆਖ਼ਿਰਕਾਰ ਧਰਤੀ ਵਰਗੇ ਗ੍ਰਹਿ ਉਭਰੇ ਜਿੱਥੇ ਜੀਵਨ ਸੰਭਵ ਹੋਇਆ।

ਜੇ ਸਮਾਂ ਅੱਗੇ ਨਾ ਵੱਧਦਾ ਤਾਂ ਇਹ ਸਾਰੀਆਂ ਤਬਦੀਲੀਆਂ ਕਦੇ ਸੰਭਵ ਨਾ ਹੁੰਦੀਆਂ। ਇਸ ਲਈ ਪਦਾਰਥ ਨੂੰ ਸਮੇਂ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ।

ਅਲਬਰਟ ਆਇੰਸਟਾਈਨ ਦਾ ਪ੍ਰਸਿੱਧ ਸਮੀਕਰਨ ੳ = ਮਚ$^2$ ਇਹ ਦਰਸਾਉਂਦਾ ਹੈ ਕਿ ਊਰਜਾ ਅਤੇ ਪਦਾਰਥ ਇੱਕ-ਦੂਜੇ ਵਿੱਚ ਬਦਲ ਸਕਦੇ ਹਨ। ਪਰ ਇਹ ਤਬਦੀਲੀ ਇੱਕ ਪਲ ਵਿੱਚ ਨਹੀਂ ਹੁੰਦੀ। ਇਸ ਲਈ ਕੁਦਰਤੀ ਪ੍ਰਕਿਰਿਆਵਾਂ ਅਤੇ ਸਮੇਂ ਦੀ ਲੋੜ ਹੁੰਦੀ ਹੈ। ਇਸ ਨਜ਼ਰੀਏ ਤੋਂ ਸਮਾਂ ਕੇਵਲ ਇੱਕ ਮਾਪ ਨਹੀਂ, ਸਗੋਂ ਬ੍ਰਹਿਮੰਡ ਦੇ ਵਿਕਾਸ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਉਂਦਾ ਹੈ।

ਸਾਡੇ ਆਲੇ-ਦੁਆਲੇ ਦੀ ਹਰ ਵਸਤੂ ਸਮੇਂ ਦੀ ਗਵਾਹ ਹੈ। ਪਹਾੜਾਂ ਵਿੱਚ ਲੱਖਾਂ ਸਾਲਾਂ ਦੀ ਭੂਗਰਭਿਕ ਯਾਤਰਾ ਦਰਜ ਹੈ। ਦਰੱਖਤਾਂ ਦੇ ਸਾਲਾਨਾ ਛੱਲੇ ਉਨ੍ਹਾਂ ਦੀ ਉਮਰ ਅਤੇ ਵਿਕਾਸ ਦੀ ਕਹਾਣੀ ਦੱਸਦੇ ਹਨ। ਮਨੁੱਖੀ ਸਰੀਰ ਵੀ ਸਥਿਰ ਨਹੀਂ। ਸਾਡੇ ਸਰੀਰ ਦੇ ਪਰਮਾਣੂ ਲਗਾਤਾਰ ਬਦਲਦੇ ਰਹਿੰਦੇ ਹਨ। ਅੱਜ ਦਾ ਸਰੀਰ ਕੁਝ ਸਾਲ ਪਹਿਲਾਂ ਵਾਲੇ ਸਰੀਰ ਤੋਂ ਵੱਖਰਾ ਹੈ। ਇਸ ਅਰਥ ਵਿੱਚ ਅਸੀਂ ਵੀ ਸਮੇਂ ਦੇ ਨਾਲ ਲਗਾਤਾਰ ਬਦਲ ਰਹੀਆਂ ਜੀਵੰਤ ਪ੍ਰਣਾਲੀਆਂ ਹਾਂ।

ਇਹ ਸੋਚ ਸਾਨੂੰ ਬ੍ਰਹਿਮੰਡ ਨੂੰ ਇੱਕ ਨਵੇਂ ਨਜ਼ਰੀਏ ਨਾਲ ਵੇਖਣ ਲਈ ਪ੍ਰੇਰਿਤ ਕਰਦੀ ਹੈ। ਪਦਾਰਥ ਕੋਈ ਸਥਾਈ ਹਕੀਕਤ ਨਹੀਂ, ਸਗੋਂ ਊਰਜਾ ਦਾ ਇੱਕ ਅਸਥਾਈ ਅਤੇ ਵਿਕਸਿਤ ਰੂਪ ਹੈ। ਹਰ ਪਰਮਾਣੂ ਦੀ ਆਪਣੀ ਇੱਕ ਕਹਾਣੀ ਹੈ, ਹਰ ਅਣੂ ਅਨੇਕਾਂ ਤਬਦੀਲੀਆਂ ਵਿੱਚੋਂ ਲੰਘਿਆ ਹੈ ਅਤੇ ਹਰ ਤਾਰਾ ਬ੍ਰਹਿਮੰਡ ਦੇ ਇਤਿਹਾਸ ਦਾ ਇੱਕ ਅਧਿਆਇ ਹੈ।

ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਮੌਜੂਦਾ ਵਿਗਿਆਨ ਪਦਾਰਥ ਦੀ ਪਰਿਭਾਸ਼ਾ ਉਸ ਦੇ ਭੌਤਿਕ ਗੁਣਾਂ ਦੇ ਆਧਾਰ 'ਤੇ ਕਰਦਾ ਹੈ। ਪਦਾਰਥ ਸਮੇਂ ਦੇ ਬੀਤਣ ਨਾਲ ਬਣੀ ਇਕਾਈ ਹੈ" ਨੂੰ ਅਜੇ ਤੱਕ ਕੋਈ ਵਿਗਿਆਨਕ ਸਿਧਾਂਤ ਜਾਂ ਕਾਨੂੰਨ ਨਹੀਂ ਮੰਨਿਆ ਗਿਆ। ਇਸ ਨੂੰ ਇੱਕ ਦਾਰਸ਼ਨਿਕ ਅਤੇ ਸੰਕਲਪਕ ਦ੍ਰਿਸ਼ਟੀਕੋਣ ਵਜੋਂ ਹੀ ਸਮਝਿਆ ਜਾਣਾ ਚਾਹੀਦਾ ਹੈ, ਜੋ ਇਹ ਦਰਸਾਉਂਦਾ ਹੈ ਕਿ ਪਦਾਰਥ ਦੀ ਹੋਂਦ ਅਤੇ ਉਸ ਦਾ ਸਰੂਪ ਸਮੇਂ ਦੇ ਪ੍ਰਵਾਹ ਨਾਲ ਅਟੁੱਟ ਤੌਰ 'ਤੇ ਜੁੜਿਆ ਹੋਇਆ ਹੈ।

ਇਸ ਵਿਚਾਰ ਦਾ ਸੰਦੇਸ਼ ਵਿਗਿਆਨ ਤੋਂ ਕਿਤੇ ਵੱਧ ਵਿਸ਼ਾਲ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਥਿਰਤਾ ਇੱਕ ਭਰਮ ਹੈ। ਕੁਦਰਤ ਵਿੱਚ ਹਰ ਚੀਜ਼ ਬਦਲ ਰਹੀ ਹੈ। ਪਹਾੜ ਘਸ ਰਹੇ ਹਨ, ਤਾਰੇ ਜਨਮ ਲੈ ਰਹੇ ਹਨ ਅਤੇ ਸਮਾਪਤ ਹੋ ਰਹੇ ਹਨ, ਜੀਵ ਜਨਮ ਲੈਂਦੇ ਹਨ, ਵੱਧਦੇ ਹਨ ਅਤੇ ਬੁੱਢੇ ਹੁੰਦੇ ਹਨ। ਹਰ ਪਦਾਰਥ ਇੱਕ ਅਜਿਹੀ ਕਹਾਣੀ ਹੈ ਜੋ ਸਮੇਂ ਨੇ ਲਿਖੀ ਹੈ। ਅੱਜ ਦੇ ਵਿਗਿਆਨ ਅਤੇ ਦਰਸ਼ਨ ਦੇ ਮਿਲਾਪ ਦੇ ਯੁੱਗ ਵਿੱਚ ਇਹ ਵਿਚਾਰ ਸਾਨੂੰ ਬ੍ਰਹਿਮੰਡ ਨੂੰ ਨਵੀਂ ਦ੍ਰਿਸ਼ਟੀ ਨਾਲ ਸਮਝਣ ਦਾ ਸੱਦਾ ਦਿੰਦਾ ਹੈ। ਜੇ ਅਸੀਂ ਪਦਾਰਥ ਨੂੰ ਸਮੇਂ ਦੀ ਯਾਤਰਾ ਦਾ ਨਤੀਜਾ ਮੰਨ ਕੇ ਵੇਖੀਏ ਤਾਂ ਬ੍ਰਹਿਮੰਡ ਸਾਨੂੰ ਅਟੱਲ ਵਸਤੂਆਂ ਦਾ ਸੰਗ੍ਰਹਿ ਨਹੀਂ, ਸਗੋਂ ਲਗਾਤਾਰ ਵਿਕਸਤ ਹੋ ਰਹੀ ਇੱਕ ਮਹਾਨ ਪ੍ਰਕਿਰਿਆ ਵਜੋਂ ਦਿਖਾਈ ਦਿੰਦਾ ਹੈ। ਸ਼ਾਇਦ ਇਹੀ ਸਮਝ ਸਾਨੂੰ ਆਪਣੀ ਹੋਂਦ ਅਤੇ ਬ੍ਰਹਿਮੰਡ ਵਿੱਚ ਆਪਣੀ ਥਾਂ ਨੂੰ ਹੋਰ ਡੂੰਘਾਈ ਨਾਲ ਸਮਝਣ ਦੀ ਪ੍ਰੇਰਨਾ ਦਿੰਦੀ ਹੈ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਅਫਵਾਹਾਂ ਤੋਂ ਬਚੀਏ ਅਤੇ ਸੱਚ ਨੂੰ ਪਰਖੀਏ

ਸੋਸ਼ਲ ਮੀਡੀਆ ਨੇ ਜਾਣਕਾਰੀ ਦੇ ਪ੍ਰਸਾਰ ਨੂੰ ਜਿੱਥੇ ਬੇਹੱਦ ਤੇਜ਼ ਕੀਤਾ ਹੈ, ਉੱਥੇ ਹੀ ਇਹ ਪਲੇਟਫਾਰਮ ਝੂਠੀਆਂ ਖ਼ਬਰਾਂ ਅਤੇ ਅਫ਼ਵਾਹਾਂ ਨੂੰ ਵੀ ਬਿਨਾਂ ਕਿਸੇ ਰੋਕ-ਟੋਕ ਦੇ ਫੈਲਾਉਣ ਦਾ ਸਾਧਨ ਬਣ ਗਿਆ ਹੈ। ਪਿਛਲੇ ਦਿਨੀਂ ਪੰਜਾਬੀ ਰੰਗਮੰਚ, ਰੇਡੀਓ, ਟੈਲੀਵੀਜ਼ਨ ਅਤੇ ਸਿਨੇਮਾ ਦੀ ਮਾਣਮੱਤੀ ਅਦਾਕਾਰਾ ਜਤਿੰਦਰ ਕੌਰ ਦੀ ਮੌਤ ਸਬੰਧੀ ਇੱਕ ਝੂਠੀ ਖ਼ਬਰ ਨੇ ਹਜ਼ਾਰਾਂ ਪ੍ਰਸ਼ੰਸਕਾਂ ਨੂੰ ਚਿੰਤਾ ਵਿੱਚ ਪਾ ਦਿੱਤਾ। ਕੁਝ ਹੀ ਸਮੇਂ ਵਿੱਚ ਇਹ ਅਫ਼ਵਾਹ ਇੰਨੀ ਤੇਜ਼ੀ ਨਾਲ ਫੈਲੀ ਕਿ ਲੋਕਾਂ ਨੇ ਇੱਕ-ਦੂਜੇ ਨੂੰ ਫ਼ੋਨ ਕਰਕੇ ਇਸ ਦੀ ਪੁਸ਼ਟੀ ਕਰਨੀ ਸ਼ੁਰੂ ਕਰ ਦਿੱਤੀ।
ਜਦੋਂ ਇਸ ਸਬੰਧੀ ਜਤਿੰਦਰ ਕੌਰ ਜੀ ਨਾਲ ਗੱਲਬਾਤ ਹੋਈ ਤਾਂ ਉਨ੍ਹਾਂ ਨੇ ਹੱਸਦੇ ਹੋਏ ਕਿਹਾ, "ਬੇਦੀ ਸਾਹਿਬ, ਮੈਂ ਬਿਲਕੁਲ ਠੀਕ-ਠਾਕ ਹਾਂ। ਅੱਜ ਸਵੇਰ ਤੋਂ ਹੀ ਪਤਾ ਨਹੀਂ ਮੇਰੇ ਚਾਹੁਣ ਵਾਲਿਆਂ ਦੇ ਕਿੰਨੇ ਫ਼ੋਨ ਆ ਚੁੱਕੇ ਹਨ। ਮੇਰੀ ਸਮਝ ਤੋਂ ਬਾਹਰ ਹੈ ਕਿ ਇਹ ਸ਼ਰਾਰਤ ਕਿਸ ਨੇ ਕੀਤੀ।" ਉਨ੍ਹਾਂ ਦੇ ਇਹ ਸ਼ਬਦ ਨਾ ਸਿਰਫ਼ ਉਨ੍ਹਾਂ ਦੇ ਚਾਹੁਣ ਵਾਲਿਆਂ ਲਈ ਰਾਹਤ ਭਰੇ ਸਨ, ਸਗੋਂ ਇਹ ਵੀ ਦੱਸਦੇ ਹਨ ਕਿ ਬੇਬੁਨਿਆਦ ਅਫ਼ਵਾਹਾਂ ਕਿਸ ਤਰ੍ਹਾਂ ਇੱਕ ਵਿਅਕਤੀ ਅਤੇ ਉਸ ਦੇ ਪਰਿਵਾਰ ਨੂੰ ਮਾਨਸਿਕ ਪਰੇਸ਼ਾਨੀ ਵਿੱਚ ਪਾ ਸਕਦੀਆਂ ਹਨ।
ਜਤਿੰਦਰ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ



ਖ਼ਬਰ ਨੂੰ ਸੱਚ ਮੰਨਣ ਤੋਂ ਪਹਿਲਾਂ ਉਸ ਦੀ ਭਰੋਸੇਯੋਗ ਸਰੋਤਿਆਂ ਤੋਂ ਪੁਸ਼ਟੀ ਜ਼ਰੂਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਬਿਨਾਂ ਤਸਦੀਕ ਦੇ ਸੁਨੇਹੇ ਅੱਗੇ ਭੇਜਣਾ ਇੱਕ ਗ਼ੈਰ-ਜ਼ਿੰਮੇਵਾਰੀ ਵਾਲਾ ਰਵੱਈਆ ਹੈ, ਜਿਸ ਨਾਲ ਕਈ ਵਾਰ ਬੇਲੋੜਾ ਡਰ ਅਤੇ ਉਲਝਣ ਪੈਦਾ ਹੋ ਜਾਂਦੀ ਹੈ।
ਲਗਭਗ ਛੇ ਦਹਾਕਿਆਂ ਤੋਂ ਪੰਜਾਬੀ ਕਲਾ ਜਗਤ ਨਾਲ ਜੁੜੀ 85 ਸਾਲਾ ਜਤਿੰਦਰ ਕੌਰ ਨੇ ਆਪਣੇ ਲੰਮੇ ਕਲਾਤਮਕ ਸਫ਼ਰ ਦੌਰਾਨ ਰੰਗਮੰਚ, ਰੇਡੀਓ, ਟੈਲੀਵੀਜ਼ਨ ਅਤੇ ਫ਼ਿਲਮਾਂ ਵਿੱਚ ਅਨੇਕਾਂ ਯਾਦਗਾਰ ਭੂਮਿਕਾਵਾਂ ਨਿਭਾਈਆਂ ਹਨ। ਉਨ੍ਹਾਂ ਦੀ ਸਹਿਜ ਅਦਾਕਾਰੀ, ਮਾਂ ਦੇ ਮਮਤਾ ਭਰੇ ਕਿਰਦਾਰ ਅਤੇ ਹਾਸਰਸ ਭੂਮਿਕਾਵਾਂ ਨੇ ਉਨ੍ਹਾਂ ਨੂੰ ਘਰ-ਘਰ ਵਿੱਚ ਪ੍ਰਸਿੱਧ ਕੀਤਾ। ਰੰਗਮੰਚ 'ਤੇ ਉਨ੍ਹਾਂ ਦੇ ਨਿਭਾਏ ਪਾਤਰਾਂ ਵਿੱਚ ਪੰਜਾਬੀ ਸੱਭਿਆਚਾਰ, ਠੇਠ ਬੋਲੀ ਅਤੇ ਸਮਾਜਕ ਮੁੱਲਾਂ ਦੀ ਝਲਕ ਸਪੱਸ਼ਟ ਨਜ਼ਰ ਆਉਂਦੀ ਹੈ।
ਇਹ ਘਟਨਾ ਇੱਕ ਵਾਰ ਫਿਰ ਯਾਦ ਕਰਵਾਉਂਦੀ ਹੈ ਕਿ ਡਿਜ਼ੀਟਲ ਯੁੱਗ ਵਿੱਚ ਜਾਣਕਾਰੀ ਸਾਂਝੀ ਕਰਦੇ ਸਮੇਂ ਜ਼ਿੰਮੇਵਾਰੀ ਬਹੁਤ ਮਹੱਤਵਪੂਰਨ ਹੈ। ਇੱਕ ਝੂਠੀ ਖ਼ਬਰ ਕੁਝ ਪਲਾਂ ਵਿੱਚ ਹਜ਼ਾਰਾਂ ਲੋਕਾਂ ਤੱਕ ਪਹੁੰਚ ਜਾਂਦੀ ਹੈ, ਪਰ ਉਸ ਦਾ ਸੱਚ ਸਾਹਮਣੇ ਆਉਣ ਤੱਕ ਕਈ ਲੋਕ ਬੇਵਜ੍ਹਾ ਚਿੰਤਾ ਅਤੇ ਦੁੱਖ ਦਾ ਸਾਹਮਣਾ ਕਰ ਚੁੱਕੇ ਹੁੰਦੇ ਹਨ।
ਖੁਸ਼ੀ ਦੀ ਗੱਲ ਹੈ ਕਿ ਜਤਿੰਦਰ ਕੌਰ ਪੂਰੀ ਤਰ੍ਹਾਂ ਤੰਦਰੁਸਤ ਹਨ ਅਤੇ ਆਪਣੇ ਚਾਹੁਣ ਵਾਲਿਆਂ ਦੀਆਂ ਦੁਆਵਾਂ ਅਤੇ ਪਿਆਰ ਲਈ ਧੰਨਵਾਦੀ ਹਨ। ਉਨ੍ਹਾਂ ਦੇ ਸੁਵਸਥ ਹੋਣ ਦੀ ਪੁਸ਼ਟੀ ਨੇ ਪੰਜਾਬੀ ਕਲਾ ਜਗਤ ਅਤੇ ਉਨ੍ਹਾਂ ਦੇ ਅਣਗਿਣਤ ਪ੍ਰਸ਼ੰਸਕਾਂ ਨੂੰ ਵੱਡੀ ਰਾਹਤ ਦਿੱਤੀ।
ਇਹ ਘਟਨਾ ਸਾਡੇ ਸਾਰਿਆਂ ਲਈ ਇੱਕ ਸਬਕ ਵੀ ਹੈ ਕਿ ਸੱਚਾਈ ਦੀ ਪੁਸ਼ਟੀ ਕੀਤੇ ਬਿਨਾਂ ਕਿਸੇ ਵੀ ਖ਼ਬਰ ਨੂੰ ਅੱਗੇ ਵਧਾਉਣ ਤੋਂ ਬਚਣਾ ਚਾਹੀਦਾ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**

# ਮੋਬਾਈਲ ਦੀ ਦੁਨੀਆ ਵਿੱਚ ਖੋ ਰਿਹਾ ਬਚਪਨ

ਬਚਪਨ ਜ਼ਿੰਦਗੀ ਦਾ ਉਹ ਸੁਹਾਵਾ ਦੌਰ ਹੁੰਦਾ ਹੈ ਜਿਸ ਵਿੱਚ ਖੇਡਾਂ, ਹਾਸੇ, ਦੋਸਤੀ ਅਤੇ ਨਵੀਆਂ ਗੱਲਾਂ ਸਿੱਖਣ ਦੀ ਉਤਸੁਕਤਾ ਹੁੰਦੀ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਬੱਚੇ ਮਿੱਟੀ ਨਾਲ ਖੇਡਦੇ ਹਨ, ਮੈਦਾਨਾਂ ਵਿੱਚ ਦੌੜਦੇ ਹਨ, ਰੁੱਖਾਂ ਦੀ ਛਾਂ ਹੇਠ ਬੈਠ ਕੇ ਗੱਲਾਂ ਕਰਦੇ ਹਨ ਅਤੇ ਆਪਣੀ ਕਲਪਨਾ ਦੀ ਦੁਨੀਆ ਵਿੱਚ ਨਵੇਂ ਸੁਪਨੇ ਸਜਾਉਂਦੇ ਹਨ। ਪਰ ਅੱਜ ਦੇ ਤਕਨਾਲੋਜੀ ਭਰੇ ਯੁੱਗ ਵਿੱਚ ਬਚਪਨ ਦੀ ਇਹ ਤਸਵੀਰ ਤੇਜ਼ੀ ਨਾਲ ਬਦਲ ਰਹੀ ਹੈ। ਖਿਡੌਣਿਆਂ, ਕਹਾਣੀਆਂ ਅਤੇ ਮੈਦਾਨਾਂ ਦੀ ਥਾਂ ਹੁਣ ਮੋਬਾਈਲ ਫੋਨ ਨੇ ਲੈ ਲਈ ਹੈ। ਬੱਚਿਆਂ ਦੇ ਹੱਥਾਂ ਵਿੱਚ ਕਿਤਾਬਾਂ ਦੀ ਥਾਂ ਸਕ੍ਰੀਨਾਂ ਨੇ ਅਤੇ ਖੇਡ ਦੇ ਮੈਦਾਨਾਂ ਦੀ ਥਾਂ ਮੋਬਾਈਲ ਗੇਮਾਂ ਨੇ ਆਪਣੀ ਜਗ੍ਹਾ ਬਣਾ ਲਈ ਹੈ। ਅੱਜ ਘਰਾਂ ਵਿੱਚ ਅਕਸਰ ਇਹ ਦ੍ਰਿਸ਼ ਦੇਖਣ ਨੂੰ ਮਿਲਦਾ ਹੈ ਕਿ ਦੋ ਜਾਂ ਤਿੰਨ ਸਾਲ ਦਾ ਬੱਚਾ ਵੀ ਮੋਬਾਈਲ ਉੱਤੇ ਵੀਡੀਓ ਦੇਖ ਰਿਹਾ ਹੁੰਦਾ ਹੈ। ਕਈ ਵਾਰ ਮਾਪੇ ਬੱਚੇ ਨੂੰ ਖਾਣਾ ਖਵਾਉਣ ਜਾਂ ਚੁੱਪ ਕਰਵਾਉਣ ਲਈ ਉਸਦੇ ਹੱਥ ਵਿੱਚ ਮੋਬਾਈਲ ਦੇ ਦਿੰਦੇ ਹਨ। ਹੌਲੀ-ਹੌਲੀ ਇਹ ਆਦਤ ਬੱਚੇ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਜਾਂਦੀ ਹੈ ਅਤੇ ਉਹ ਮੋਬਾਈਲ ਤੋਂ ਬਿਨਾਂ ਰਹਿਣਾ ਔਖਾ ਸਮਝਣ ਲੱਗਦਾ ਹੈ। ਇਹੀ ਆਦਤ ਅੱਗੇ ਚੱਲ ਕੇ ਲਤ ਦਾ ਰੂਪ ਧਾਰ ਲੈਂਦੀ ਹੈ। ਮੋਬਾਈਲ ਅਤੇ ਇੰਟਰਨੈੱਟ ਦੀ ਦੁਨੀਆ ਵਿੱਚ ਜਾਣਕਾਰੀ ਦਾ ਬੇਅੰਤ ਖਜ਼ਾਨਾ ਮੌਜੂਦ ਹੈ। ਸਿੱਖਿਆ ਅਤੇ ਗਿਆਨ ਲਈ ਇਸ ਦੀ ਵਰਤੋਂ ਬਹੁਤ ਲਾਭਦਾਇਕ ਹੈ। ਆਨਲਾਈਨ ਪੜ੍ਹਾਈ, ਸਿੱਖਿਆ ਸੰਬੰਧੀ ਵੀਡੀਓ ਅਤੇ ਨਵੀਆਂ ਜਾਣਕਾਰੀਆਂ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰ ਸਕਦੀਆਂ ਹਨ। ਪਰ ਸਮੱਸਿਆ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਮੋਬਾਈਲ ਸਿੱਖਣ ਦਾ ਸਾਧਨ ਨਾ ਰਹਿ ਕੇ ਮਨੋਰੰਜਨ ਅਤੇ ਸਮਾਂ ਬਿਤਾਉਣ ਦਾ ਇਕੱਲਾ ਸਾਧਨ ਬਣ ਜਾਂਦਾ ਹੈ। ਮੋਬਾਈਲ ਦੀ ਬੇਹੱਦ ਵਰਤੋਂ ਦਾ ਸਭ ਤੋਂ ਵੱਧ ਅਸਰ ਬੱਚਿਆਂ ਦੀ ਸਿਹਤ ਉੱਤੇ ਪੈਂਦਾ ਹੈ। ਲਗਾਤਾਰ ਸਕ੍ਰੀਨ ਵੱਲ ਦੇਖਣ ਨਾਲ ਅੱਖਾਂ ਦੀ ਰੌਸ਼ਨੀ ਪ੍ਰਭਾਵਿਤ ਹੋ ਸਕਦੀ ਹੈ। ਸਿਰ ਦਰਦ, ਨੀਂਦ ਦੀ ਕਮੀ ਅਤੇ ਧਿਆਨ ਦੀ ਘਾਟ ਵਰਗੀਆਂ ਸਮੱਸਿਆਵਾਂ ਵੀ ਵਧ ਰਹੀਆਂ ਹਨ। ਜਦੋਂ ਬੱਚੇ ਘੰਟਿਆਂ ਤੱਕ ਇੱਕ ਹੀ ਥਾਂ ਬੈਠੇ ਰਹਿੰਦੇ ਹਨ ਤਾਂ ਉਨ੍ਹਾਂ ਦੀ ਸਰੀਰਕ ਕਸਰਤ ਘੱਟ ਜਾਂਦੀ ਹੈ, ਜਿਸ ਕਾਰਨ ਮੋਟਾਪਾ ਅਤੇ ਹੋਰ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਸਰੀਰਕ ਸਿਹਤ ਦੇ ਨਾਲ-ਨਾਲ ਮੋਬਾਈਲ ਦਾ ਪ੍ਰਭਾਵ ਬੱਚਿਆਂ ਦੀ ਮਾਨਸਿਕ ਅਤੇ ਸਮਾਜਿਕ ਸਿਹਤ ਉੱਤੇ ਵੀ ਪੈਂਦਾ ਹੈ। ਪਹਿਲਾਂ ਬੱਚੇ ਗਲੀ-ਮੁਹੱਲਿਆਂ ਵਿੱਚ ਮਿਲ ਕੇ ਖੇਡਦੇ ਸਨ, ਜਿਸ ਨਾਲ ਉਨ੍ਹਾਂ ਵਿੱਚ ਸਾਂਝ, ਸਹਿਯੋਗ ਅਤੇ ਟੀਮ ਭਾਵਨਾ ਪੈਦਾ ਹੁੰਦੀ ਸੀ। ਖੇਡਾਂ ਰਾਹੀਂ ਉਹ ਹਾਰ ਅਤੇ ਜਿੱਤ ਦੋਵਾਂ ਨੂੰ ਸਵੀਕਾਰ ਕਰਨਾ ਸਿੱਖਦੇ ਸਨ। ਅੱਜ ਬਹੁਤ ਸਾਰੇ ਬੱਚੇ ਇਕੱਲੇ ਬੈਠ ਕੇ ਮੋਬਾਈਲ ਗੇਮਾਂ ਖੇਡਦੇ ਹਨ, ਜਿਸ ਕਾਰਨ ਆਪਸੀ ਗੱਲਬਾਤ ਅਤੇ ਸਮਾਜਿਕ ਸੰਪਰਕ ਘੱਟ ਹੁੰਦਾ ਜਾ ਰਿਹਾ ਹੈ। ਇੱਕ ਹੋਰ ਚਿੰਤਾ ਵਾਲੀ ਗੱਲ ਇਹ ਹੈ ਕਿ ਇੰਟਰਨੈੱਟ ਉੱਤੇ ਮੌਜੂਦ ਹਰ ਸਮੱਗਰੀ ਬੱਚਿਆਂ ਲਈ ਉਚਿਤ ਨਹੀਂ ਹੁੰਦੀ। ਬਿਨਾਂ ਨਿਗਰਾਨੀ ਦੇ ਮੋਬਾਈਲ ਦੀ ਵਰਤੋਂ ਬੱਚਿਆਂ ਨੂੰ ਗਲਤ ਜਾਣਕਾਰੀ ਜਾਂ ਉਨ੍ਹਾਂ ਦੀ ਉਮਰ ਲਈ ਅਣਉਚਿਤ ਸਮੱਗਰੀ ਤੱਕ ਵੀ ਪਹੁੰਚਾ ਸਕਦੀ ਹੈ। ਇਸ ਲਈ ਮਾਪਿਆਂ ਲਈ ਇਹ ਜ਼ਰੂਰੀ ਹੈ ਕਿ ਉਹ ਬੱਚਿਆਂ ਦੀ ਆਨਲਾਈਨ ਗਤੀਵਿਧੀਆਂ ਉੱਤੇ ਧਿਆਨ ਦੇਣ। ਇਸ ਸਮੱਸਿਆ ਦਾ ਹੱਲ ਮੋਬਾਈਲ ਨੂੰ ਪੂਰੀ ਤਰ੍ਹਾਂ ਛੱਡ ਦੇਣ ਵਿੱਚ ਨਹੀਂ, ਸਗੋਂ ਇਸ ਦੀ ਸੰਤੁਲਿਤ ਅਤੇ ਸਮਝਦਾਰੀ ਨਾਲ ਵਰਤੋਂ ਕਰਨ ਵਿੱਚ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਲਈ ਸਕ੍ਰੀਨ ਸਮਾਂ ਨਿਰਧਾਰਤ ਕਰਨ ਅਤੇ ਖੁਦ ਵੀ ਮੋਬਾਈਲ ਦੀ ਵਰਤੋਂ ਵਿੱਚ ਸੰਤੁਲਨ ਬਣਾਈ ਰੱਖਣ, ਕਿਉਂਕਿ ਬੱਚੇ ਉਹੀ ਸਿੱਖਦੇ ਹਨ ਜੋ ਉਹ ਆਪਣੇ ਘਰ ਵਿੱਚ ਦੇਖਦੇ ਹਨ। ਬੱਚਿਆਂ ਨੂੰ ਖੇਡਾਂ, ਕਿਤਾਬਾਂ ਪੜ੍ਹਨ, ਕਲਾ, ਸੰਗੀਤ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ।ਸਕੂਲਾਂ ਦੀ ਵੀ ਇਸ ਵਿੱਚ ਮਹੱਤਵਪੂਰਨ ਭੂਮਿਕਾ ਹੈ। ਸਕੂਲਾਂ ਵਿੱਚ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਪੁਸਤਕ ਪੜ੍ਹਨ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ ਤਾਂ ਜੋ ਬੱਚੇ ਡਿਜ਼ੀਟਲ ਦੁਨੀਆ ਅਤੇ ਅਸਲ ਜ਼ਿੰਦਗੀ ਵਿਚਕਾਰ ਸੰਤੁਲਨ ਬਣਾਉਣਾ ਸਿੱਖ ਸਕਣ।ਮੋਬਾਈਲ ਫੋਨ ਆਧੁਨਿਕ ਯੁੱਗ ਦੀ ਲੋੜ ਹੈ ਅਤੇ ਇਸ ਤੋਂ ਦੂਰ ਰਹਿਣਾ ਸੰਭਵ ਨਹੀਂ। ਪਰ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਸ ਨੂੰ ਸਹੂਲਤ ਤੱਕ ਸੀਮਿਤ ਰੱਖੀਏ ਅਤੇ ਇਸ ਨੂੰ ਬੱਚਿਆਂ ਦੇ ਬਚਪਨ ਉੱਤੇ ਹਾਵੀ ਨਾ ਹੋਣ ਦਈਏ। ਬੱਚਿਆਂ ਨੂੰ ਖੇਡਣ, ਦੌੜਣ, ਦੋਸਤ ਬਣਾਉਣ, ਕੁਦਰਤ ਨਾਲ ਜੁੜਨ ਅਤੇ ਪਰਿਵਾਰ ਨਾਲ ਸਮਾਂ ਬਿਤਾਉਣ ਦੇ ਮੌਕੇ ਮਿਲਣੇ ਚਾਹੀਦੇ ਹਨ। ਆਖ਼ਿਰਕਾਰ ਬਚਪਨ ਵਾਪਸ ਨਹੀਂ ਆਉਂਦਾ। ਜੇ ਅਸੀਂ ਅੱਜ ਇਸ ਨੂੰ ਸੰਭਾਲਣ ਵਿੱਚ ਅਸਫਲ ਰਹੇ ਤਾਂ ਭਵਿੱਖ ਵਿੱਚ ਸਾਡੇ ਕੋਲ ਤਕਨਾਲੋਜੀ ਤਾਂ ਹੋਵੇਗੀ, ਪਰ ਬਚਪਨ ਦੀਆਂ ਉਹ ਖਿੜਖਿੜਾਹਟਾਂ ਨਹੀਂ ਹੋਣਗੀਆਂ ਜੋ ਕਿਸੇ ਵੀ ਸਮਾਜ ਦੀ ਅਸਲ ਖੁਸ਼ਹਾਲੀ ਦੀ ਨਿਸ਼ਾਨੀ ਹੁੰਦੀਆਂ ਹਨ।

-



**ਨਵਨੀਤ ਸਿੰਘ, 9814509900**

## ਅਸੀਂ ਕਿਸਮਤ ਦੇ ਧਨੀ ਹਾਂ

ਅਸੀਂ ਤਾਂ ਫਜ਼ੂਲ ਵਿਤਕਰਿਆਂ ਵਿੱਚ ਲੜਦੇ ਰਹਿਨੇਆਂ। ਧਰਤੀ ਵਰਗਾ ਹੋਰ ਕੋਈ ਗ੍ਰਹਿ ਨਹੀਂ,, ਇੱਥੇ ਅਸੀਂ ਮੌਜਾਂ ਨਾਲ ਰਹਿਨੇ ਆਂ। ਨਾਸਾ ਦੀ ਰਿਪੋਰਟ ਮੁਤਾਬਿਕ, ਹੋਰ ਗ੍ਰਹਿ ਜਾਂ ਤਾਂ ਅੱਤ ਦਰਜੇ ਦੇ ਗਰਮ ਜਾਂ ਅੱਤ ਦਰਜੇ ਦੇ ਠੰਡੇ। ਧਰਤੀ ਮਾਂ ਵਰਗੀਆਂ ਬਹਾਰਾਂ ਨਾ ਕਿਤੇ, ਨਾ ਮਿਲਦੇ ਇਸ ਤਰ੍ਹਾਂ ਦੇ ਬੰਦੇ।ਕੁਦਰਤੀ ਹਵਾ, ਪਾਣੀ ਜਿਹੜੇ ਬਹੁਤਾਤ ਵਿੱਚ ਮਿਲਦੇ ਨੇ, ਪ੍ਰਯੋਗਸ਼ਾਲਾਵਾਂ ਵਿੱਚ ਬਣਾਏ ਨ੍ਹੀਂ ਜਾ ਸਕਦੇ। ਊਰਜਾ ਦੇ ਸਾਧਨਾਂ ਦੇ ਖੁੱਲੇ ਗੱਫੇ, ਭਾਵੇਂ ਬੰਦੇ ਨੇ ਇਜਾਦ ਕਰ ਲਏ ਨੇ, ਪਰ ਸਸਤੇ ਬਣਾਏ ਨ੍ਹੀਂ ਜਾ ਸਕਦੇ ਆਧੁਨਿਕ ਯੁੱਗ ਵਿੱਚ ਤਾਂ ਬੰਦੇ ਵੀ ਵਿਗੜ ਗਏ। ਪਿਉ ਨੇ ਆਪਣਾ ਪੁੱਤ ਵਿਆਹਿਆ, ਕੁਝ ਚਿਰ ਬਾਅਦ ਨੂੰਹ ਵੀ ਮਰ ਗਈ, ਦੂਸਰਾ ਵਿਆਹ ਕੀਤਾ, ਪੁੱਤ ਦਾ ਵਿਵਹਾਰ ਨ੍ਹੀਂ ਸੀ ਚੰਗਾ, ਦੂਸਰੀ ਨੂੰਹ ਵੀ ਭੱਜ ਗਈ। ਮੁੰਡੇ ਦੀ ਮਾਂ ਪਹਿਲਾਂ ਹੀ ਮਰੀ ਸੀ। ਖਾਣਾ ਬਣਾਉਣ ਦੀ ਜ਼ਿੰਮੇਵਾਰੀ, ਪਿਉ ਤੇ ਆ ਪਈ। ਪੁੱਤ ਪਿੰਡ ਵਿੱਚ ਡਾਕਟਰੀ ਦੀ ਦੁਕਾਨ ਸੀ ਕਰਦਾ। ਸਾਰਾ ਦਿਨ ਮੋਬਾਈਲ ਦਾ ਖਹਿੜਾ ਨਹੀਂ ਸੀ



ਛੱਡਦਾ। ਗਰਮ ਗਰਮ ਦਾਲ ਰੋਟੀ ਪਿਓ ਨੇ ਪਰੋਸ ਕੇ ਰੱਖੀ। ਮੁੰਡੇ ਦੀ ਲੱਗੀ ਸੀ, ਮੋਬਾਈਲ ਤੇ ਬਿਰਤੀ। ਜਦੋਂ 15 ਮਿੰਟ ਬਾਅਦ, ਵਿਹਲਾ ਹੋ ਕੇ ਆਇਆ। ਪਿਉ ਨਾਲ ਝਗੜਾ ਵਧਾਇਆ, ਖਾਣਾ ਠੰਡਾ ਕਿਉਂ ਲਾਇਆ। ਗੁੱਸੇ ਵਿੱਚ ਆ ਕੇ ਫਿਰ ਉਹਨੂੰ ਕੁੱਟ ਸੁਟਿਆ। ਹਸਪਤਾਲ ਜਾਣ ਤੋਂ ਪਹਿਲਾਂ ਹੀ ਉਹ ਮਰ ਮੁਕਿਆ।
ਹੁਣ ਰਹਿ ਗਈ ਵੱਡੀ ਵਿਆਹੀ ਭੈਣ ਅਤੇ ਛੋਟਾ ਭਾਈ। ਉਹ ਵਿਚਾਰੇ ਕਿਵੇਂ ਸਹਿਣਗੇ, ਪਿਤਾ ਦੀ ਜੁਦਾਈ। ਆਪ ਵੀ ਸਾਰੀ ਉਮਰ ਕੱਟੂਗਾ ਜੇਲ ਵਿੱਚ ਸ਼ੁਦਾਈ। ਬਹੁਤ ਪਛਤਾਊਗਾ, ਪਛਤਾਵੇ ਦੀ ਨਹੀਂ ਹੋਣੀ ਭਰਪਾਈ। "ਅਬ ਪਛਤਾਏ ਹੋਤ ਕਿਆ ਜਬ ਚਿੜੀਆਂ ਚੁਗ ਗਈ ਖੇਤ"। ਪਤਾ ਨਹੀਂ ਲੋਕਾਂ ਨੂੰ, ਜ਼ਿੰਦਗੀ ਜਿਉਣ ਦਾ, ਵੱਲ ਕਦੋਂ ਆਊਗਾ। ਅਤੀਤ ਤੋਂ ਵੀ ਸਬਕ ਨਹੀਂ ਲੈਂਦੇ, ਸਮੇਂ ਨੇ ਤਾਂ ਚਲਦੇ ਰਹਿਣਾ, ਇਸ ਤਰ੍ਹਾਂ ਹੀ ਲੰਘ ਜਾਊਗਾ। ਸਮਝਦਾਰ ਲੋਕ ਕਿਸਮਤ ਤੇ ਧਨੀ ਨੇ, ਉਨ੍ਹਾਂ ਨੂੰ ਪ੍ਰਮਾਤਮਾ ਚੰਗੇ ਰਾਹਾਂ ਤੇ ਪਾਊਗਾ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ।**

# ਐਫਸਫੋਰਡ 'ਚ ਸੱਭਿਆਚਾਰਕ ਮੇਲਾ ਅੱਜ ਲੋਕਾਂ ਚ ਭਾਰੀ ਉਤਸ਼ਾਹ




**ਵੈਨਕੂਵਰ,ਜੁਲਾਈ (ਮਲਕੀਤ ਸਿੰਘ)–** ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਐਫਸਫੋਰਡ 'ਚ 18 ਜੁਲਾਈ ਨੂੰ ਸਥਾਨਕ ਰੋਟਰੀ ਸਟੇਡੀਅਮ ਵਿੱਚ ਇੱਕ ਸੱਭਿਆਚਾਰਕ ਮੇਲਾ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਯੋਧਾ ਚੱਕਰ, ਸੁੱਖਾ ਸ਼ੇਰਪੁਰ ਅਤੇ ਹਰਵਿੰਦਰ ਤੂਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਮੇਲੇ 'ਚ ਪ੍ਰਸਿੱਧ ਪੰਜਾਬੀ ਗਾਇਕ ਹ ਿ ਰ ੰ ਦ ਰ ਸਿੱਧੂ,ਅਮਨਦੀਪ ਕੌਰ, ਗੋਰਾ ਚੱਕਵਾਲਾ,ਗੁਰਤੇਜ ਤੇਜਾ, ਲਾਟੀ ਔਲਖ, ਹੈਰੀ ਸੰਧੂ, ਕੌਰ.ਬੀ, ਜੋਹਨ ਬੇਦੀ,ਏਕਨੂਰ ਧਾਲੀਵਾਲ, ਸੁਰਿੰਦਰ ਮਾਨ ਅਤੇ ਕਰਮਜੀਤ ਕੰਮੋ ਆਦਿ ਕਲਾਕਾਰ ਆਪਣੇ ਚੋਣਵੇਂ ਗੀਤਾਂ ਦੀ ਪੇਸ਼ਕਾਰੀ ਕਰਕੇ ਹਾਜ਼ਰ ਸਰੋਤਿਆਂ ਦਾ ਮਨੋਰੰਜਨ ਕਰਨਗੇ ਉਨਾਂ ਇਹ ਵੀ ਦੱਸਿਆ ਕਿ ਇਸ ਮੇਲੇ ਨੂੰ ਵੇਖਣ ਸਬੰਧੀ ਪੰਜਾਬੀ ਭਾਈਚਾਰੇ ਦੇ ਲੋਕਾਂ ਚ ਕਾਫੀ ਉਤਸ਼ਾਹ ਦੇਖਿਆ ਜਾ ਰਿਹਾ ਹੈ ਅਤੇ ਇਸ ਮੇਲੇ ਦੀ ਐਂਟਰੀ ਫੀਸ ਬਿਲਕੁਲ ਫਰੀ ਹੋਵੇਗੀ।

# ਡਾ:ਭੀਮ ਰਾਓ ਅੰਬੇਦਕਰ ਅਤੇ ਬਾਬੂ ਕਾਂਸ਼ੀ ਰਾਮ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਰੀ 'ਚ ਸਮਾਗਮ ਅੱਜ

**ਵੈਨਕੂਵਰ,ਜੁਲਾਈ (ਮਲਕੀਤ ਸਿੰਘ)–** ਡਾ:ਭੀਮ ਰਾਓ ਅੰਬੇਦਕਰ ਅਤੇ ਬਾਬੂ ਕਾਸ਼ੀ ਰਾਮ ਦੇ ਜਨਮ ਦਿਨ ਨੂੰ ਸਮਰਪਿਤ ਇੱਕ ਸਮਾਗਮ 18 ਜੁਲਾਈ ਨੂੰ ਸਰੀ- ਡੈਲਟਾ ਰੋਡ ਤੇ ਸਥਿਤ ਮਹਾਰਾਣੀ ਬੈਂਕੁਟ ਹਾਲ ਵਿੱਚ ਵੱਡੇ ਪੱਧਰ ਤੇ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਰਸ਼ਪਾਲ ਸਿੰਘ ਭਾਰਦਵਾਜ ਨੇ ਜਾਣਕਾਰੀ ਸਾਂਝੀ ਕਰਨ ਦੱਸਿਆ ਕਿ ਇਸ ਮੌਕੇ ਤੇ ਓ ੁ ੱ ਘ ੇ ਸਿਆਸਤਦਾਨ ਅਤੇ ਸਮਾਜਿਕ ਸਖਸ਼ੀਅਤਾਂ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੀਆਂ

ਉਨਾਂ ਇਹ ਵੀ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾਈ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਇਸ ਮੌਕੇ ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ । ਅਖੀਰ ਵਿੱਚ ਉਨਾਂ ਨੇ ਦੱਸਿਆ ਕਿ ਅੰਬੇਦਕਰ ਇੰਟਰਨੈਸ਼ਨਲ ਸੋਸਲ ਰਿਫੋਰਮ ਔਰਗਨਾਈਜਨ ਦੇ ਦਸਵੇਂ ਸਥਾਪਨਾ ਦਿਵਸ ਦੀ ਵਰੇਗੰਢ ਨੂੰ ਵੀ ਇਹ ਸਮਾਗਮ ਸਮਰਪਿਤ ਹੋਵੇਗਾ।



ਸਮਾਗਮ ਦਾ ਇੱਕ ਪੋਸਟਰ

# ਖ਼ਤਮ ਹੋ ਰਹੇ ਰਵਾਇਤੀ ਰੁੱਖ... ਚਿੰਤਾ ਦਾ ਵਿਸ਼ਾ

ਇੱਕ ਸਮਾਂ ਸੀ ਜਦੋਂ ਪੰਜਾਬ ਦੇ ਹਰ ਪਿੰਡ ਵਿੱਚ ਪਿੱਪਲ, ਬੋਹੜ, ਨਿੰਮ, ਟਾਹਲੀ, ਕਿੱਕਰ, ਜਾਮਣ, ਧਰੇਕ, ਬੇਰੀ ਅਤੇ ਟਾਹਲੀ ਵਰਗੇ ਦਰਖ਼ਤ ਆਮ ਹੀ ਦਿਖਾਈ ਦਿੰਦੇ ਸਨ। ਪਿੰਡਾਂ ਦੀਆਂ ਸੱਥਾਂ ਪਿੱਪਲਾਂ ਅਤੇ ਬੋਹੜਾਂ ਦੀ ਛਾਂ ਹੇਠ ਲੱਗਦੀਆਂ ਸਨ। ਬੱਚੇ ਇਨ੍ਹਾਂ ਦੀਆਂ ਟਾਹਣੀਆਂ 'ਤੇ ਪੀਂਘਾਂ ਪਾਉਂਦੇ ਸਨ, ਕੁੜੀਆਂ ਵੀ ਤੀਆਂ ਦਾ ਤਿਉਹਾਰ ਇਹਨਾਂ ਦਰਖ਼ਤਾਂ ਦੇ ਮੋਟੇ ਟਾਹਣਿਆਂ ਤੇ ਲੱਜਾਂ ਨਾਲ਼ ਪੀਂਘਾਂ ਪਾ ਕੇ ਅਸਮਾਨੀ ਚੜ੍ਹਾਉਂਦੀਆਂ ਹੋਈਆਂ ਮਨਾਉਂਦੀਆਂ ਸਨ। ਕਈ ਕਿਸਮਾਂ ਦੇ ਪੰਛੀ ਇਨ੍ਹਾਂ ਵਿੱਚ ਆਪਣੇ ਆਲ੍ਹਣੇ ਬਣਾਉਂਦੇ ਸਨ। ਇਹ ਦਰਖ਼ਤ ਸਿਰਫ਼ ਰੁੱਖ ਨਹੀਂ ਸਨ, ਸਗੋਂ ਸਾਡੀ ਜ਼ਿੰਦਗੀ ਅਤੇ ਸੱਭਿਆਚਾਰ ਦਾ ਅਹਿਮ ਹਿੱਸਾ ਸਨ।

ਕੁਦਰਤ ਨੇ ਸਾਨੂੰ ਬੇਸ਼ਕੀਮਤੀ ਦਾਤਾਂ ਦਿੱਤੀਆਂ ਹਨ, ਜਿਨ੍ਹਾਂ ਵਿੱਚ ਰੁੱਖਾਂ ਦਾ ਸਥਾਨ ਸਭ ਤੋਂ ਉੱਚਾ ਹੈ। ਰੁੱਖ ਸਾਨੂੰ ਸਾਹ ਲੈਣ ਲਈ ਆਕਸੀਜਨ, ਫ਼ਲ, ਫੁੱਲ, ਛਾਂ, ਲੱਕੜ ਅਤੇ ਸਾਫ਼-ਸੁਥਰਾ ਵਾਤਾਵਰਣ ਦਿੰਦੇ ਹਨ। ਪਰ ਅੱਜ ਦੁੱਖ ਦੀ ਗੱਲ ਹੈ ਕਿ ਸਾਡੇ ਰਵਾਇਤੀ ਰੁੱਖ ਹੌਲੀ-ਹੌਲੀ ਅਲੋਪ ਹੁੰਦੇ ਜਾ ਰਹੇ ਹਨ। ਇਹ ਸਿਰਫ਼ ਵਾਤਾਵਰਣ ਲਈ ਹੀ ਨਹੀਂ, ਸਗੋਂ ਸਾਡੇ ਸੱਭਿਆਚਾਰ ਅਤੇ ਵਿਰਸੇ ਲਈ ਵੀ ਵੱਡੀ ਚਿੰਤਾ ਦਾ ਵਿਸ਼ਾ ਹੈ। ਘਰਾਂ, ਪਿੰਡਾਂ ਅਤੇ ਸੜਕਾਂ ਕਿਨ-ਾਰੇ ਲੱਗੇ ਇਹ ਰਵਾਇਤੀ ਦਰਖ਼ਤ ਜਿੱਥੇ ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਦੇ ਸਨ ਉੱਥੇ ਹੀ ਕੁਦਰਤ ਦੀ ਵਿਲੱਖਣਤਾ ਨੂੰ ਵੀ ਚਾਰ ਚੰਨ ਲਾਉਂਦੇ ਸਨ। ਅੱਜ ਇਨ੍ਹਾਂ ਦਰਖ਼ਤਾਂ ਦੀ ਥਾਂ ਸੜਕਾਂ ਅਤੇ ਵੱਡੀਆਂ ਵੱਡੀਆਂ ਇਮਾਰਤਾਂ ਜਾਂ ਫਿਰ ਸੜਕਾਂ ਕਿਨਾਰੇ ਵੱਡੀਆਂ ਵੱਡੀਆਂ ਆਲੀਸ਼ਾਨ ਬਿਲਡਿੰਗਾਂ,ਢਾਬਿਆਂ ਜਾਂ ਮਾਰਕੀਟਾਂ ਨੇ ਲੈ ਲਈ ਹੈ। ਵਿਕਾਸ ਦੇ ਨਾਂ 'ਤੇ ਹਜ਼ਾਰਾਂ ਪੁਰਾਣੇ ਰੁੱਖ ਕੱਟੇ ਜਾ ਰਹੇ ਹਨ। ਲੋਕ ਜਲਦੀ ਵਧਣ ਵਾਲੇ ਵਿਦੇਸ਼ੀ ਬੂਟੇ ਤਾਂ ਲਗਾ ਰਹੇ ਹਨ, ਪਰ ਆਪਣੇ ਰਵਾਇਤੀ ਦਰਖ਼ਤਾਂ ਨੂੰ ਭੁੱਲਦੇ ਜਾ ਰਹੇ ਹਨ। ਜਿਸ ਕਾਰਨ ਨਾ ਸਿਰਫ਼ ਹਰਿਆਲੀ ਘਟ ਰਹੀ ਹੈ, ਸਗੋਂ ਪੰਛੀਆਂ ਅਤੇ ਹੋਰ ਜੀਵਾਂ ਦਾ ਕੁਦਰਤੀ ਆਸਰਾ ਵੀ ਖ਼ਤਮ ਹੋ ਰਿਹਾ ਹੈ।ਪੰਛੀਆਂ ਦੀਆਂ ਕਈ ਨਸਲਾਂ ਤਾਂ ਦਰਖ਼ਤਾਂ ਦੇ ਅਲੋਪ ਹੋਣ ਨਾਲ ਹੀ ਅਲੋਪ ਹੋ ਗਈਆਂ ਹਨ।

ਰਵਾਇਤੀ ਦਰਖ਼ਤਾਂ ਦੇ ਘਟਣ ਨਾਲ਼ ਤਾਪਮਾਨ ਤੇਜ਼ੀ ਨਾ਼ਲ ਵਧ ਰਿਹਾ ਹੈ, ਵਰਖਾ ਦਾ ਚੱਕਰ ਵੀ ਪ੍ਰਭਾਵਿਤ ਹੋ ਰਿਹਾ ਹੈ ਅਤੇ ਹਵਾ ਦਾ ਪ੍ਰਦੂਸ਼ਣ ਵੀ ਤੇਜ਼ੀ ਨਾ਼ਲ ਵਧਦਾ ਜਾ ਰਿਹਾ ਹੈ। ਨਿੰਮ ਵਰਗੇ ਦਰਖ਼ਤ ਕੁਦਰਤੀ ਤੌਰ 'ਤੇ ਹਵਾ ਨੂੰ ਸ਼ੁੱਧ ਕਰਦੇ ਹਨ, ਜਦਕਿ ਪਿੱਪਲ ਅਤੇ ਬੋਹੜ ਵਾਤਾਵਰਣ ਨੂੰ ਸੰਤੁਲਿਤ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਦੀ ਘਾਟ ਦਾ ਅਸਰ ਸਾਡੀ ਸਿਹਤ 'ਤੇ ਵੀ ਪੈ ਰਿਹਾ ਹੈ।

ਪਹਿਲਾਂ ਪਿੰਡਾਂ ਵਿੱਚ ਹਰ ਘਰ ਦੇ ਵਿਹੜੇ ਵਿੱਚ ਨਿੰਮ ਦਾ ਰੁੱਖ ਜ਼ਰੂਰ ਹੁੰਦਾ ਸੀ,ਜਿਸ ਦੀ ਛਾਂ ਹੇਠ ਬੈਠ ਕੇ ਸਾਡੇ ਬੱਚੇ,ਜਵਾਨ ਬਜ਼ੁਰਗ ਨਾ ਸਿਰਫ਼ ਠੰਢਕ ਮਹਿਸੂਸ ਕਰਦੇ ਸਨ ਸਗੋਂ ਕਈ ਰੋਗਾਂ ਤੋਂ ਛੁਟਕਾਰਾ ਵੀ ਪਾਉਂਦੇ ਸਨ।ਘਰ ਵਿੱਚ ਹੀ ਨਿੰਮ ਦੀਆਂ ਟਹਿਣੀਆਂ ਨਾਲੋਂ ਤੋੜ ਕੇ ਦੰਦ ਸਾਫ਼ ਕਰਨ ਲਈ ਦਾਤਣ ਬਣਾ ਲੈਂਦੇ ਸਨ ਜੋ ਦੰਦਾਂ ਨੂੰ ਤੰਦਰੁਸਤ ਰੱਖਣ ਦਾ ਉੱਤਮ ਸਾਧਨ ਹੁੰਦਾ ਸੀ। ਹਰ ਪਿੰਡ ਵਿੱਚ ਚੌਵੀ ਘੰਟੇ ਆਕਸੀਜਨ ਦੇਣ ਵਾਲੇ ਪਿੱਪਲ ਤੇ ਬੋਹੜ ਦੇ ਦਰਖਤ ਆਮ ਹੀ ਹੁੰਦੇ ਸਨ ਜਿੱਥੇ ਬੱਚੇ ਸ਼ਾਮ ਨੂੰ ਰਵਾਇਤੀ ਖੇਡਾਂ ਖੇਡਦੇ ਹੋਏ ਦਰਖ਼ਤਾਂ ਦੀ ਤਾਜ਼ੀ ਹਵਾ ਨਾ਼ਲ ਆਪਣੇ ਆਪ ਨੂੰ ਕੁਦਰਤ ਨਾ਼ਲ ਜੋੜਦੇ ਸਨ। ਕਿੱਕਰਾਂ ਨੂੰ ਲੱਗਣ ਵਾਲੇ ਫਲਾਂ ਤੁੰਮਿਆਂ ਤੋਂ ਕਈ ਤਰ੍ਹਾਂ ਦੀਆਂ ਦਵਾਈਆਂ ਬਣਦੀਆਂ ਸਨ। ਲੋਕ ਤੁੰਮਿਆਂ ਦਾ ਅਚਾਰ ਖਾ ਕੇ ਵੀ ਤੰਦਰੁਸਤੀ ਨੂੰ ਕਾਇਮ ਰੱਖਦੇ ਸਨ। ਜਾਮਣਾਂ ਅਤੇ ਬੇਰੀਆਂ ਦਾ ਤਾਂ ਆਪਣੇ ਆਪ ਵਿੱਚ ਇੱਕ ਵਿਲੱਖਣ ਸਥਾਨ ਸੀ। ਪੁਰਾਤਨ ਬਚਪਨ ਇਨ੍ਹਾਂ ਦਰਖ਼ਤਾਂ ਨਾ਼ਲ ਜੁੜਿਆ ਹੋਇਆ ਸੀ।

ਰਵਾਇਤੀ ਦਰਖ਼ਤਾਂ ਦੇ ਅਲੋਪ ਹੋਣ ਨਾਲ ਸਾਡਾ ਸੱਭਿਆਚਾਰਕ ਵਿਰਸਾ ਵੀ ਕਮਜ਼ੋਰ ਹੋ ਰਿਹਾ ਹੈ। ਪੰਜਾਬੀ ਲੋਕ-ਗੀਤਾਂ, ਕਹਾਵਤਾਂ, ਸਾਖੀਆਂ ਅਤੇ ਲੋਕ-ਕਥਾਵਾਂ ਵਿੱਚ ਇਨ੍ਹਾਂ ਦਰਖ਼ਤਾਂ ਦਾ ਵਾਰ-ਵਾਰ ਜ਼ਿਕਰ ਮਿਲਦਾ ਹੈ।

"ਪਿੱਪਲਾ ਵੇ ਮੇਰੇ ਪਿੰਡ ਦਿਆ,
ਤੇਰੀਆਂ ਠੰਢੀਆਂ ਛਾਵਾਂ,"
"ਨਿੰਮ ਹੇਠ ਕੱਤਿਆ ਕਰੂੰ,
ਲੈ ਦੇ ਚਰਖਾ ਸ਼ੀਸ਼ਿਆਂ ਵਾਲਾ।"
"ਕੌੜੀ ਨਿੰਮ ਨੂੰ ਪਤਾਸੇ ਲੱਗਦੇ,
ਜਿੱਥੋਂ ਮੇਰਾ ਵੀਰ ਲੰਘ ਜੇ।"

ਜੇ ਸਾਡੇ ਇਹ ਰਵਾਇਤੀ ਦਰਖ਼ਤ ਹੀ ਨਹੀਂ ਰਹਿਣਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਿਰਫ਼ ਕਿਤਾਬਾਂ ਵਿੱਚ ਹੀ ਇਨ੍ਹਾਂ ਦੇ ਨਾਂ ਪੜ੍ਹਨਗੀਆਂ। ਸਮੇਂ ਦੀ ਲੋੜ ਹੈ ਕਿ ਅਸੀਂ ਆਪਣੇ ਰਵਾਇਤੀ ਦਰਖ਼ਤਾਂ ਦੀ ਮਹੱਤਤਾ ਨੂੰ ਸਮਝੀਏ। ਹਰ ਪਰਿਵਾਰ ਨੂੰ ਹਰ ਸਾਲ ਘੱਟੋ-ਘੱਟ ਇੱਕ ਪਿੱਪਲ, ਨਿੰਮ, ਬੋਹੜ, ਜਾਮਣ ਜਾਂ ਸ਼ੀਸ਼ਮ ਦਾ ਬੂਟਾ ਲਗਾਉਣਾ ਚਾਹੀਦਾ ਹੈ। ਸਕੂਲਾਂ, ਕਾਲਜਾਂ, ਪੰਚਾਇਤਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਰਵਾਇਤੀ ਦਰਖ਼ਤ ਲਗਾਉਣ ਲਈ ਵਿਸ਼ੇਸ਼ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ। ਸਰਕਾਰ ਨੂੰ ਵੀ ਵਿਕਾਸ ਕਾਰਜਾਂ ਦੇ ਨਾਲ-ਨਾਲ ਸਾਡੇ ਇਹਨਾਂ ਪੁਰਾਣੇ ਰਵਾਇਤੀ ਰੁੱਖਾਂ ਦੀ ਸੰਭਾਲ ਨੂੰ ਪਹਿਲ ਦੇਣੀ ਚਾਹੀਦੀ ਹੈ।

ਰਵਾਇਤੀ ਰੁੱਖਾਂ ਦਾ ਖ਼ਤਮ ਹੋਣਾ ਸਿਰਫ਼ ਕੁਦਰਤ ਦਾ ਨਹੀਂ, ਸਗੋਂ ਸਾਡੀ ਪਹਿਚਾਣ, ਸਭਿਆਚਾਰ ਅਤੇ ਵਿਰਸੇ ਦਾ ਵੀ ਨੁਕਸਾਨ ਹੋਣਾ ਹੈ। ਜੇ ਅਸੀਂ ਅੱਜ ਇਨ੍ਹਾਂ ਨੂੰ ਬਚਾਉਣ ਲਈ ਯਤਨ ਨਾ ਕੀਤੇ ਤਾਂ ਆਉਣ ਵਾ਼ਲੀਆਂ ਪੀੜ੍ਹੀਆਂ ਸਾਨੂੰ ਕਦੇ ਮਾਫ਼ ਨਹੀਂ ਕਰਨਗੀਆਂ। ਆਓ, ਆਪਣੇ ਰਵਾਇਤੀ ਦਰਖ਼ਤਾਂ ਨੂੰ ਬਚਾਉਣ ਦਾ ਸੰਕਲਪ ਲਈਏ, ਕਿਉਂਕਿ ਜੇ ਸਾਡੇ ਰਵਾਇਤੀ ਰੁੱਖ ਬਚਣਗੇ ਤਾਂ ਹੀ ਕੁਦਰਤ ਬਚੇਗੀ, ਜੇ ਕੁਦਰਤ ਬਚੇਗੀ ਤਾਂ ਹੀ ਮਨੁੱਖਤਾ ਸੁਰੱਖਿਅਤ ਅਤੇ ਤੰਦਰੁਸਤ ਰਹਿ ਸਕਦੀ ਹੈ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਬੀ.ਸੀ. 'ਚ ਅਸਥੀਆਂ ਜਲ ਪ੍ਰਵਾਹ ਕਰਨ ਦਾ ਸਥਾਨ ਬਣਾਉਣ ਦਾ ਫੈਸਲਾ

**ਵੈਨਕੂਵਰ, 17 ਜੁਲਾਈ (ਮਲਕੀਤ ਸਿੰਘ)** – ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਸਰਕਾਰ ਅਤੇ ਡੈਲਟਾ ਸ਼ਹਿਰ ਦੀ ਸਿਟੀ ਕੌਂਸਲ ਦੇ ਸਾਂਝੇ ਯਤਨਾਂ ਸਦਕਾ ਸੂਬੇ 'ਚ ਮਨੁੱਖੀ ਅਸਥੀਆਂ ਜਲ ਪ੍ਰਵਾਹ ਕਰਨ ਦਾ ਸਥਾਨ ਬਣਾਉਣ ਦਾ ਮਹੱਤਵਪੂਰਨ ਨੂੰ ਫੈਸਲਾ ਕੀਤਾ ਗਿਆ ਹੈ। ਇਸੇ ਕੜੀ ਵਜੋਂ ਫਰੇਜ਼ਰ ਦਰਿਆ ਦੇ ਕੰਢੇ ਦੇ ਇੱਕ ਵਿਸ਼ੇਸ਼ ਸਥਾਨ ਦੀ ਚੋਣ ਕੀਤੀ ਗਈ ਹੈ, ਜਿੱਥੇ ਪਰਿਵਾਰ ਆਪਣੇ ਵਿਛੜੇ ਹੋਏ ਪਰਿਵਾਰਕ ਮੈਂਬਰਾਂ ਦੀਆਂ ਅਸਥੀਆਂ ਦਾ ਸਨਮਾਨਜਨਕ ਅਤੇ ਸੁਰੱਖਿਅਤ ਢੰਗ ਨਾਲ ਜਲ ਪਰਵਾਹ ਕਰ ਸਕਣਗੇ। ਸੂਬਾ ਸਰਕਾਰ ਅਨੁਸਾਰ ਇਹ ਬ੍ਰਿਟਿਸ਼ ਕੋਲੰਬੀਆ ਵਿੱਚ ਆਪਣੀ ਕਿਸਮ ਦਾ ਪਹਿਲਾ ਅਧਿਕਾਰਤ ਜਨਤਕ ਸਥਾਨ ਹੋਵੇਗਾ। ਇਸ ਦਾ ਮਕਸਦ ਵੱਖ-ਵੱਖ ਧਾਰਮਿਕ ਅਤੇ ਸੱਭਿਆਚਾਰਕ ਪਰੰਪਰਾਵਾਂ ਦਾ ਸਨਮਾਨ ਕਰਦਿਆਂ ਲੋਕਾਂ ਨੂੰ ਇੱਕ ਉਚਿਤ ਥਾਂ ਉਪਲਬਧ ਕਰਵਾਉਣਾ ਹੈ।

# ਜਦੋਂ ਕਾਗਜ਼ਾਂ ਵਿੱਚੋਂ ਰੂਹਾਂ ਦਾ ਦਰਦ ਮਹਿਸੂਸ ਹੋਇਆ...



ਬਤੌਰ ਬੀ.ਐਲ.ਓ. ਦੀ ਡਿਊਟੀ ਨੂੰ ਅਕਸਰ ਸਮਾਜ ਅਤੇ ਪ੍ਰਸ਼ਾਸਨ ਵੱਲੋਂ ਸਿਰਫ਼ ਵੋਟਰ ਸੂਚੀਆਂ ਦੀ ਸੁਧਾਈ, ਫਾਰਮ ਭਰਨ, ਜਾਂ ਨਾਮ ਕੱਟਣ-ਜੋੜਨ ਦਾ ਇੱਕ ਬੇਜਾਨ, ਖੁਸ਼ਕ ਅਤੇ ਨੀਰਸ ਦਫ਼ਤਰੀ ਕੰਮ ਹੀ ਸਮਝਿਆ ਜਾਂਦਾ ਹੈ। ਆਮ ਲੋਕਾਂ ਜਾਂ ਵਿਭਾਗ ਲਈ ਇਹ ਮਹਿਜ਼ ਇੱਕ ਕਾਗਜ਼ੀ ਪ੍ਰਕਿਰਿਆ ਅਤੇ ਅੰਕੜਿਆਂ ਦਾ ਹਿਸਾਬ-ਕਿਤਾਬ ਹੋ ਸਕਦੀ ਹੈ, ਪਰ ਇਸ ਵਾਰ ਜਦੋਂ ਮੈਂ ਐਸ.ਆਈ.ਆਰ. ਤਹਿਤ ਆਪਣੇ ਹੱਥ ਵਿੱਚ ਸਰਕਾਰੀ ਰਜਿਸਟਰ, ਗਣਨਾ ਫਾਰਮ ਅਤੇ ਕਲਮ ਫੜ ਕੇ ਨਗਰ ਦੇ ਹਰ ਇੱਕ ਘਰ ਦੀ ਦਹਿਲੀਜ਼ ਤੇ ਗਿਆ , ਤਾਂ ਇਹ ਡਿਊਟੀ ਮਹਿਜ਼ ਕਾਗਜ਼ੀ ਅੰਕੜਾ ਨਹੀਂ ਰਹੀ। ਇਹ ਮਨੁੱਖੀ ਜ਼ਿੰਦਗੀ ਦੇ ਸਭ ਤੋਂ ਸੰਵੇਦਨਸ਼ੀਲ, ਪਰਮ ਸੱਚ ਅਤੇ ਕੌੜੀ ਹਕੀਕਤ ਨਾਲ ਸਿੱਧਾ ਰੂ-ਬ-ਰੂ ਕਰਵਾ ਰਹੀ ਸੀ। ਇੱਕ ਬੀ.ਐਲ.ਓ. ਦੇ ਤੌਰ 'ਤੇ ਇਸ ਦੌਰਾਨ ਮੇਰਾ ਇਹ ਅਨੁਭਵ ਸਿਰਫ਼ ਸਰਕਾਰੀ ਨੌਕਰੀ ਨਿਭਾਉਣ ਤੱਕ ਸੀਮਤ ਨਹੀਂ ਰਿਹਾ, ਸਗੋਂ ਇਸ ਨੇ ਮੇਰੀ ਰੂਹ ਨੂੰ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਅਤੇ ਜ਼ਿੰਦਗੀ ਨੂੰ ਦੇਖਣ ਦਾ ਨਜ਼ਰੀਆ ਹੀ ਬਦਲ ਦਿੱਤਾ।

ਜਦੋਂ ਮੈਂ ਨਗਰ ਦੇ ਘਰਾਂ ਬੂਹੇ ਖੜਕਾਏ, ਤਾਂ ਮੈਨੂੰ ਅਹਿਸਾਸ ਹੋਇਆ ਕਿ ਹਰ ਲੱਕੜ ਜਾਂ ਲੋਹੇ ਦੇ ਦਰਵਾਜ਼ੇ ਦੇ ਪਿੱਛੇ ਸਿਰਫ਼ ਵੋਟਰਾਂ ਦੇ ਨਾਮ ਨਹੀਂ, ਬਲਕਿ ਜਜ਼ਬਾਤਾਂ, ਹੌਕਿਆਂ, ਉਮੀਦਾਂ ਅਤੇ ਕਹਾਣੀਆਂ ਦਾ ਇੱਕ ਅਥਾਹ ਸਮੁੰਦਰ ਵਹਿ ਰਿਹਾ ਹੈ। ਕਈ ਵਾਰ ਅਜਿਹੇ ਭਾਵੁਕ ਅਤੇ ਦਿਲ-ਕੰਬਾਊ ਪਲ ਸਾਹਮਣੇ ਆਏ ਕਿ ਖੜ੍ਹੇ-ਪੈਰ ਅੱਖਾਂ ਨਮ ਹੋ ਗਈਆਂ ਅਤੇ ਬੋਲ ਹਲਕ ਵਿੱਚ ਹੀ ਅਟਕ ਗਏ। ਜਦੋਂ ਮੈਂ ਕਿਸੇ ਵਿਹੜੇ ਵਿੱਚ ਜਾ ਕੇ ਪਰਿਵਾਰ ਦੇ ਮੁਖੀ ਸਾਹਮਣੇ ਪੁਰਾਣੀ ਸੂਚੀ ਵਿੱਚੋਂ ਜੀਆਂ ਦੇ ਨਾਮ ਪੜ੍ਹ ਕੇ ਸੁਣਾਏ ਅਤੇ ਸਿਰਫ਼ ਇਹ ਪੁੱਛਿਆ ਕਿ "ਕੀ ਇਹ ਸਾਰੇ ਜੀਅ ਘਰ ਹੀ ਹਨ?", ਤਾਂ ਅੱਗੋਂ ਮਿਲੇ ਹੁੰਗਾਰਿਆਂ ਨੇ ਕਲੇਜਾ ਧੂਹ ਲਿਆ। ਕਦੇ ਕਿਸੇ ਮਾਂ ਨੇ ਭਰੇ ਮਨ, ਕੰਬਦੀ ਆਵਾਜ਼ ਅਤੇ ਹੰਝੂਆਂ ਭਰੀਆਂ ਅੱਖਾਂ ਨਾਲ ਕਿਹਾ—"ਪੁੱਤ, ਸਾਡੀ ਗੁੜੀਆ ਤਾਂ ਹੁਣ ਚਲੀ ਗਈ, ਇਸ ਘਰ ਦੀ ਰੌਣਕ ਸੀ ਉਹ, ਹੁਣ ਉਹ ਇਸ ਨਾਸ਼ਮਾਨ ਸੰਸਾਰ 'ਚ ਨਹੀਂ ਰਹੀ...", ਕਿਸੇ ਸੁੰਨੇ ਪਏ ਵਿਹੜੇ ਦੇ ਕੋਨੇ ਵਿੱਚੋਂ ਇੱਕ ਲਾਚਾਰ ਬਜ਼ੁਰਗ ਦੀ ਸਿਸਕੀ ਭਰੀ ਆਵਾਜ਼ ਆਈ.."ਪੁੱਤ, ਮਾਤਾ ਜੀ ਪੂਰੇ ਹੋ ਗਏ ਨੇ, ਹੁਣ ਉਹਨਾਂ ਦਾ ਨਾਮ ਇਸ ਸੂਚੀ ਵਿੱਚੋਂ ਕੱਟ ਦਿਓ..." ਜਾਂ ਕਿਸੇ ਮਾਸੂਮ ਬੱਚੇ ਵੱਲੋਂ ਇਹ ਕਹਿਣਾ ਕਿ "ਬਾਪੂ ਤੇ ਵੀਰੇ ਦਾ ਸਾਥ ਛੁੱਟ ਗਿਆ ਹੈ, ਉਹ ਹੁਣ ਸਾਨੂੰ ਇਕੱਲਿਆਂ ਛੱਡ ਕੇ ਰੱਬ ਕੋਲ ਚਲੇ ਗਏ ਨੇ।" ਇਹ ਉਹ ਬੋਲ ਸਨ ਜੋ ਕਿਸੇ ਵੀ ਸੰਵੇਦਨਸ਼ੀਲ ਇਨਸਾਨ ਦਾ ਦਿਲ ਵਲੂੰਧਰਨ ਲਈ ਕਾਫ਼ੀ ਸਨ।

ਇੱਕ ਬੀ.ਐਲ.ਓ. ਲਈ ਸਰਕਾਰੀ ਰਜਿਸਟਰ ਵਿੱਚ ਕਿਸੇ ਹੱਸਦੇ-ਵਸਦੇ ਇਨਸਾਨ ਦੇ ਨਾਮ ਦੇ ਅੱਗੇ ਲਾਲ ਸਿਆਹੀ ਨਾਲ 'ਮੌਤ' ਲਿਖਣਾ ਜਾਂ ਉਸ ਦੇ ਨਾਮ ਉੱਪਰ ਲਾਲ ਲਕੀਰ ਮਾਰਨਾ ਸ਼ਾਇਦ ਪ੍ਰਸ਼ਾਸਨਿਕ ਕੰਮ ਦੇ ਪੱਖੋਂ ਸਿਰਫ਼ ਇੱਕ ਖਾਨਾ-ਪੂਰਤੀ ਹੋ ਸਕਦੀ ਹੈ, ਪਰ ਇੱਕ ਇਨਸਾਨ ਅਤੇ ਲੇਖਕ ਵਜੋਂ ਮੈਂ ਇਹ ਬਹੁਤ ਡੂੰਘਾਈ ਨਾਲ ਮਹਿਸੂਸ ਕੀਤਾ ਕਿ ਉਹ ਲਾਲ ਲਕੀਰ ਕੋਈ ਆਮ ਲਕੀਰ ਨਹੀਂ ਹੈ। ਉਹ ਲਾਲ ਲਕੀਰ ਦਰਅਸਲ ਇੱਕ ਹੱਸਦੇ-ਖੇਡਦੇ ਪਰਿਵਾਰ ਦੇ ਉੱਜੜੇ ਹੋਏ ਚਾਵਾਂ ਦੀ ਅਧੂਰੀ ਦਾਸਤਾਨ ਹੈ, ਸੱਖਣੇ ਹੋਏ ਵਿਹੜਿਆਂ ਦਾ ਸਦੀਵੀ ਚੁੱਪ-ਪਸਾਰਾ ਹੈ, ਕਿਸੇ ਦੇ ਬੁਢਾਪੇ ਦੀ ਟੁੱਟੀ ਹੋਈ ਡੰਗੋਰੀ ਹੈ ਅਤੇ ਇੱਕ ਅਜਿਹਾ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ ਜਿਸ ਨੂੰ ਦੁਨੀਆ ਦਾ ਕੋਈ ਵੀ ਕਾਗਜ਼, ਕਾਨੂੰਨ ਜਾਂ ਲਫ਼ਜ਼ ਕਦੇ ਬਿਆਨ ਨਹੀਂ ਕਰ ਸਕਦਾ। ਉਹ ਪਲ ਸੱਚਮੁੱਚ ਬਹੁਤ ਭਾਰੀ, ਨਿਰਦਈ ਅਤੇ ਦਰਦਨਾਕ ਹੋਣਗੇ ਜਦੋਂ ਹੱਥ ਵਿਚਲੀ ਕਲਮ ਲਾਲ ਸਿਆਹੀ ਨਾਲ ਕਾਗਜ਼ 'ਤੇ ਚੱਲ ਰਹੀ ਹੁੰਦੀ ਹੈ, ਪਰ ਦਿਲ ਅੰਦਰੋਂ ਕਿਸੇ ਅਣਜਾਣੇ ਦਰਦ ਨਾਲ ਕੁਰਲਾ ਰਿਹਾ ਹੁੰਦਾ ਹੈ। ਉਸ ਸਮੇਂ ਮਨ ਆਪਣੇ-ਆਪ ਉਨ੍ਹਾਂ ਵਿਛੜੀਆਂ ਰੂਹਾਂ ਦੇ ਸਤਿਕਾਰ ਵਿੱਚ ਅਫ਼ਸੋਸ ਅਤੇ ਡੂੰਘੇ ਸੋਗ ਨਾਲ ਝੁਕ ਜਾਂਦਾ ਹੈ।

ਐਸ.ਆਈ.ਆਰ. ਦੀ ਇਸ ਵਿਸ਼ੇਸ਼ ਮੁਹਿੰਮ ਨੇ ਜਿੱਥੇ ਮੈਨੂੰ ਸਰਕਾਰੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ, ਉੱਥੇ ਹੀ ਜ਼ਿੰਦਗੀ ਦਾ ਸਭ ਤੋਂ ਵੱਡਾ, ਗੰਭੀਰ ਅਤੇ ਅਟੱਲ ਸਬਕ ਵੀ ਸਿਖਾਇਆ ਕਿ ਇਹ ਮਨੁੱਖੀ ਜ਼ਿੰਦਗੀ ਬੇਹੱਦ ਨਾਸ਼ਮਾਨ, ਅਤੇ ਅਸਥਾਈ ਹੈ। ਅੱਜ ਜੋ ਨਾਮ ਵੋਟਰ ਸੂਚੀ ਦੀ ਸ਼ਾਨ ਹਨ, ਜਿਨ੍ਹਾਂ ਦੀਆਂ ਵੋਟਾਂ ਲਈ ਵੱਡੇ-ਵੱਡੇ ਦਾਅਵੇ ਹੁੰਦੇ ਹਨ ਅਤੇ ਜਿਨ੍ਹਾਂ ਦੇ ਦਸਤਖਤਾਂ ਦੀ ਬਹੁਤ ਅਹਿਮੀਅਤ ਹੈ, ਕੱਲ੍ਹ ਉਹ ਸਿਰਫ਼ ਇੱਕ ਫੋਟੋ 'ਤੇ ਟੰਗੇ ਹਾਰ ਅਤੇ ਯਾਦ ਬਣ ਕੇ ਰਹਿ ਜਾਂਦੇ ਹਨ। ਮੈਂ ਆਪਣੀ ਇਸ ਡਿਊਟੀ ਨੂੰ ਸਿਰਫ਼ ਨੌਕਰੀ ਦਾ ਹਿੱਸਾ ਨਹੀਂ, ਸਗੋਂ ਲੋਕਾਂ ਦੇ ਇਸ ਅਤਿ-ਨਿੱਜੀ, ਗੁਪਤ ਅਤੇ ਡੂੰਘੇ ਦੁੱਖ-ਸੁੱਖ ਦਾ ਹਿੱਸਾ ਬਣਨ ਦਾ ਇੱਕ ਰੱਬੀ ਜ਼ਰੀਆ ਮੰਨਦਾ ਹਾਂ।

ਅਖੀਰ ਵਿੱਚ, ਮੇਰੀ ਅਕਾਲ ਪੁਰਖ ਵਾਹਿਗੁਰੂ ਅੱਗੇ ਇਹੋ ਸੱਚੇ ਮਨੋਂ ਅਰਦਾਸ ਹੈ ਕਿ ਪਰਮਾਤਮਾ ਇਨ੍ਹਾਂ ਸਭ ਵਿਛੜੀਆਂ ਨੇਕ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ, ਪਿੱਛੇ ਰਹਿ ਗਏ ਸਾਰੇ ਪਰਿਵਾਰਾਂ ਨੂੰ ਇਸ ਅਸਹਿ ਅਤੇ ਅਕਹਿ ਭਾਣੇ ਨੂੰ ਮੰਨਣ ਦਾ ਬਲ, ਹੌਸਲਾ ਅਤੇ ਸਬਰ-ਸੰਤੋਖ ਦੇਣ, ਅਤੇ ਸਾਡੇ ਪੂਰੇ ਨਗਰ-ਖੇੜੇ ਤੇ ਹਰ ਇੱਕ ਘਰ-ਪਰਿਵਾਰ 'ਤੇ ਹਮੇਸ਼ਾ ਆਪਣੀ ਮਿਹਰ ਭਰਿਆ ਹੱਥ ਰੱਖ ਕੇ ਸੁੱਖ-ਸ਼ਾਂਤੀ, ਆਪਸੀ ਪਿਆਰ ਅਤੇ ਤੰਦਰੁਸਤੀ ਬਖਸ਼ਣ। ਕਾਗਜ਼ਾਂ ਦੇ ਇਹ ਪੰਨੇ ਭਾਵੇਂ ਅੱਜ ਬਦਲ ਜਾਣਗੇ, ਪਰ ਇਹਨਾਂ ਵਿੱਚ ਦਰਜ ਹੋਈਆਂ ਰੂਹਾਂ ਦੀਆਂ ਦਾਸਤਾਨਾਂ ਮੇਰੇ ਦਿਲ ਦੇ ਰਜਿਸਟਰ ਵਿੱਚ ਹਮੇਸ਼ਾ ਲਈ ਉੱਕਰੀਆਂ ਰਹਿਣਗੀਆਂ।

**ਜਤਿੰਦਰ ਭੁੱਚੋ**
**ਪਿੰਡ ਭੁੱਚੋ ਖੁਰਦ**
**ਜ਼ਿਲ੍ਹਾ ਬਠਿੰਡਾ**
**ਮੋਬਾਇਲ-9501475400**

# "ਜ਼ਿੰਦਗੀ ਦੇ ਅਨੁਭਵ ' ਚੋਂ ਨਿਕਲੀ ਕਵਿਤਾ- ਸੁਰਖ਼ - ਆਬ"

**ਪੁਸਤਕ ਦਾ ਨਾਂ –**
**ਸੁਰਖ਼ – ਆਬ**
**ਕਵੀ –**
**ਗੁਲ ਆਬ**
**ਪੰਨੇ – 108**
**ਕੀਮਤ – 200/- ਰੁਪਏ**
**ਪ੍ਰਕਾਸ਼ਕ –**
**ਸਪਤ੍ਰਿਸੀ ਪਬਲੀਕੇਸ਼ਨਜ਼, ਚੰਡੀਗੜ੍ਹ।**

ਮਨੁੱਖੀ ਜੀਵਨ ਵਿਚ ਦਿਨੋਂ ਦਿਨ ਨਵੇਂ ਨਵੇਂ ਅਨੁਭਵ ਪੈਦਾ ਹੁੰਦੇ ਰਹਿੰਦੇ ਹਨ। ਇਹਨਾਂ ਅਨੁਭਵਾਂ ਨੂੰ ਲਿਖਤ ਰੂਪ ਵਿਚ ਲਿਆਉਣ ਵਾਲਾ ਮਨੁੱਖ ਲੇਖਕ, ਸਾਹਿਤਕਾਰ, ਕਹਾਣੀਕਾਰ, ਨਾਵਲਕਾਰ ਜਾਂ ਕਵੀ ਹੁੰਦਾ ਹੈ। ਗੁਲ ਆਬ ਅਜਿਹਾ ਕਵੀ ਹੈ ਜਿਸ ਨੇ ਜਿੰਮੇਵਾਰੀ ਨਾਲ ਆਪਣੀ ਜ਼ਿੰਦਗੀ ਦੇ ਅਨੁਭਵ ਨੂੰ ਕਾਵਿ ਰੂਪ ਵਿੱਚ ਪੇਸ਼ ਕੀਤਾ ਹੈ। ਗੁਲ ਆਬ ਇਕ ਕਵੀ ਦੇ ਨਾਲ ਨਾਲ ਅਦਾਕਾਰ ਵੀ ਹੈ। ਹਥਲੀ ਪੁਸਤਕ ਗੱਲ ਆਬ ਉਸਦਾ ਪਲੇਠਾ ਕਾਵਿ ਸੰਗ੍ਰਹਿ " ਸੁਰਖ਼ – ਆਬ " ਹੈ। ਸੁਰਖ਼ ਆਬ ਦੇ ਅਰਥ ਹੀ ਲਾਲ ਰੰਗ ਦਾ ਪਾਣੀ ਹੁੰਦਾ ਹੈ। ਭਾਵ ਖੂਨ ਦਾ ਰਿਸ਼ਤਾ। ਇਹ ਕਾਵਿ ਸੰਗ੍ਰਹਿ ਉਸਨੇ ਆਪਣੇ ਪੁੱਤਰ ਸੁਰਖ਼ਾਬ ਨੂੰ ਅਰਪਿਤ ਕਰਦਿਆਂ ਸਿਰਲੇਖਤ ਕਵਿਤਾ ਪੁਸਤਕ ਵਿਚ ਇਕਤੀਵੇਂ ਨੰਬਰ ਤੇ ਸ਼ਾਮਲ ਕੀਤੀ ਹੈ ਜਿਸ ਵਿਚੋਂ ਉਹ ਆਪਣਾ ਬਚਪਨ ਦੇਖਦਾ ਹੈ।

ਇਸ ਪੁਸਤਕ ਬਾਰੇ ਜਿੱਥੇ ਉਸ ਦੇ ਆਪਣੇ ਵਿਚਾਰ ਹਨ ਕਿ ਜ਼ਿੰਦਗੀ ਦੀ ਮਜ਼ਦੂਰੀ ਕਰਦਿਆਂ ਕੁਝ ਕੁ ਅਹਿਸਾਸ ਤੇ ਕੁਝ ਕੁ ਸ਼ਬਦ ਕਮਾ ਕੇ ਨਿੱਕੇ ਨਿੱਕੇ ਅਨੁਭਵਾਂ ਨੂੰ ਸ਼ਬਦਾਂ ਰਾਹੀਂ ਸਾਹਿਤ ਦੇ ਵਿਹੜੇ ਖੇਡਣ ਲਾਇਆ ਹੈ...ਅਹਿਸਾਸ ਅਜੇ ਰਿੜਨਾ ਸਿੱਖ ਰਹੇ ਨੇ.....। ਉਸ ਦੀ ਪਲੇਠੀ ਕਿਰਤ ਦਾ ਸਬੂਤ ਦਿੰਦੇ ਹਨ। ਉੱਥੇ ਕੁਲਦੀਪ ਸਿੰਘ ਦੀਪ ਹੁਰਾਂ ਵੀ ਕਿਹਾ ਹੈ ਕਿ ਉਸ ਦੇ ਇਹ ਖ਼ਿਆਲ ਕਾਵਿਕਤਾ ਪੱਖੋਂ ਥੋੜੇ ਬਹੁਤ ਉੱਘੜੇ ਦੁਘੜੇ ਹੋ ਸਕਦੇ ਹਨ ਪਰ ਅਨੁਭਵ ਅਤੇ ਦਿਆਨਤਦਾਰੀ ਪੱਖੋਂ ਬਹੁਤ ਵਿਲੱਖਣ ਹਨ।

ਇਸ ਕਾਵਿ ਪੁਸਤਕ ਦਾ ਪਾਠ ਕਰਦਿਆਂ ਮੈਨੂੰ ਵੀ ਇੰਝ ਲੱਗਿਆ ਕਿ ਕਵੀ ਕੋਲ ਅਨੁਭਵ ਅਤੇ ਸ਼ਬਦ ਦੋਨੋ ਹਨ ਜਿਹਨਾਂ ਨੂੰ ਉਸ ਨੇ ਬੜੀ ਡੂੰਘਾਈ ਨਾਲ ਛੋਟੀਆਂ ਛੋਟੀਆਂ ਕਵਿਤਾਵਾਂ ਰਾਹੀਂ ਪਾਠਕਾਂ ਦੇ ਸਨਮੁੱਖ ਰੱਖਿਆ ਹੈ। ਉਸ ਦੀ ਕਵਿਤਾ ਵਿਚ ਸਿਆਸਤਦਾਨਾਂ ਦੀਆਂ ਚਾਲਾਂ, ਮੁਹੱਬਤਾਂ ਦੇ ਹੱਥ ਕੰਡੇ ਅਤੇ ਸਮਾਜਿਕ ਵਰਤਾਰੇ ਨਜ਼ਰ ਆਉਂਦੇ ਹਨ। ਕਈ ਕਵਿਤਾਵਾਂ ਇੱਕ ਹੀ ਸਿਰਲੇਖ ਹੇਠ ਦੋ ਜਾਂ ਤਿੰਨ ਲਿਖੀਆਂ ਹਨ। ਹਰ ਕਵਿਤਾ ਥੱਲੇ ਸਕੇਚ ਬਣਾਏ ਗਏ ਹਨ।

ਪੁਸਤਕ ਵਿਚਲੀਆਂ ਕਵਿਤਾਵਾਂ ਵਿਚ ਇਕ ਚੰਗੇ ਸੁਪਨੇ ਲਈ ਸਮੇਂ ਦੀ ਉਡੀਕ ਦਿਖਾਈ ਦਿੰਦੀ ਹੈ। ਬੁੱਤ ਪੁੱਤ ਨੀ ਹੁੰਦੇ ਅਤੇ ਧਰਤ ਵਰਗੀਆਂ ਛੋਟੀਆਂ ਛੋਟੀਆਂ ਕਵਿਤਾਵਾਂ ਬਹੁਤ ਵੱਡੇ ਅਰਥ ਰੱਖਦੀਆਂ ਹਨ। ਬੁੱਤ ਪੁੱਤ ਨੀ ਹੁੰਦੇ ਦੀਆਂ ਦੋਵੇਂ ਕਵਿਤਾਵਾਂ ਸੰਵੇਦਨਸ਼ੀਲ ਹਨ। ਜਦੋਂ ਬਜ਼ੁਰਗ ਆਪਣੀ ਢਲੀ ਜਵਾਨੀ ਵਿੱਚੋ ਬਚਪਨ ਲੱਭਦਾ ਹੈ ਤਾਂ ਉਸ ਨੂੰ ਕਿਧਰੋਂ ਬਚਪਨ ਨਹੀਂ ਮਿਲਦਾ। ਇਸੇ ਦਾ ਜਿਕਰ ਕਵਿਤਾ ਰੂੰਗਾ ਕਰਦੀ ਹੈ –

ਮੈਂ ਹੱਟੀ ' ਤੇ ਗਿਆ
ਪੰਜ ਪੈਸੇ
ਉਹਦੇ ਹੱਥਾਂ ' ਚ
ਫੜਾਏ ਤੇ ਕਿਹਾ
ਬਚਪਨ ਦਈਂ
ਉਹ ਮੇਰੀ ਧੌਲੀ ਦਾੜ੍ਹੀ
ਦੇਖ ਮੁਸਕਰਾਇਆ..
ਪੰਜ ਪੈਸੇ ਵਾਪਿਸ ਕਰ
ਮੇਰੀ ਤਲੀ ' ਤੇ ਧਰ ਦਿੱਤੇ,
ਰੂੰਗਾ ਦਿੱਤਾ ਤੇ ਕਹਿੰਦਾ
ਇਸ ਰੁੱਤੇ ਇਹੀ ਮਿਲ ਸਕਦਾ,
ਬਸ... (ਪੰਨਾ 26)

ਆਦਿ ਮਾਨਵ ਤੋਂ ਬੰਦਾ ਬਣਨ ਲਈ ਮੁੱਦਤਾਂ ਲੱਗੀਆਂ ਪਰ ਅਜੇ ਵੀ ਮਨੁੱਖ ਇਨਸਾਨ ਨਹੀਂ ਬਣ ਸਕਿਆ ਬੰਦੇ ਅਤੇ ਕੁਦਰਤ ਦਾ ਸੁਮੇਲ ਦਰਸਾਉਂਦੀ ਕਵਿਤਾ ਕੁਦਰਤ ਹੈ ਅਤੇ ਬੰਦਾ ਜੇਕਰ ਚਾਹੇ ਤਾਂ ਕੀ ਨਹੀਂ ਕਰ ਸਕਦਾ। ਕਵਿਤਾ ਹੋਰ ਕੀ ਚਾਹੀਦੈ... ਦੱਸਦੀ ਹੈ। ਇਕ ਸਖ਼ਤ ਮਿਹਨਤ ਕਰਕੇ ਬੰਦਾ ਬਹੁਤ ਕੁਝ ਬਦਲ ਸਕਦਾ ਹੈ। ਕਵਿਤਾ ਨਿਸ਼ਾਨ ਆਪਣੀਆਂ ਪੈੜਾਂ ਦੇ ਨਿਸ਼ਾਨ ਬਣਾਉਂਦੀ ਹੈ। ਕਵਿਤਾ ਅਸੰਭਵ ? ਮਨੁੱਖ ਨੂੰ ਉਤਸਾਹਿਤ ਕਰਦੀ ਨਜ਼ਰ ਆਉਂਦੀ ਹੈ ਜਦੋਂ ਮਨੁੱਖੀ ਜੀਵਨ ਅਕਾਸ਼ ਵਰਗਾ ਸਿਰੜ ਅਤੇ ਧਰਤੀ ਵਰਗੀ ਕਾਇਆ ਰੱਖਦਾ ਹੋਵੇ ਤਾਂ ਫਿਰ ਕੀ ਸੰਭਵ ਨਹੀਂ ਹੁੰਦਾ। ਅਸਲ ਵਿੱਚ ਇਹ ਕਵਿਤਾ ਅਸੰਭਵਤਾ ਨੂੰ ਨਕਾਰਦੀ ਹੈ।




ਮੌਜੂਦਾ ਯੁਗ ਵਿਚ ਸਿਆਸਤ ਦਾ ਰੰਗ ਦਿਖਾਉਂਦੀ ਕਵਿਤਾ ਰਿਉੜੀਆਂ ਦੱਸਦੀ ਹੈ ਕਿ ਤੁਸੀ ਸਿਆਸਤਦਾਨਾਂ ਤੋਂ ਜੋ ਮਰਜੀ ਮੰਗੋ ਪਰ ਉਹ ਰਿਉੜੀਆਂ (ਲਾਰੇ) ਦੇ ਤੌਰ ਦਿੰਦੇ ਨੇ ਅਤੇ ਭੋਲੀ ਭਾਲੀ ਜਨਤਾ ਇਹਨਾਂ ਰਿਉੜੀਆਂ ਨਾਲ ਹੀ ਖੁਸ਼ ਹੋ ਜਾਂਦੀ ਹੈ। ਕਵਿਤਾ ਦਰਿਆ ਬੜੇ ਵੱਡੇ ਅਰਥ ਸਿਰਜਦੀ ਹੈ। ਮਨੁੱਖਤਾ ਦੀ ਏਕਤਾ ਦੀ ਗੱਲ ਕਰਦੀ ਹੈ। ਜਦੋਂ ਕਹਿੰਦੀ ਹੈ

ਬੂੰਦ ਸੀ ਉਹ
ਤੁਪਕਾ ਤੁਪਕਾ ਮਿਲਕੇ
ਦਰਿਆ ਹੋ ਗਿਆ (ਪੰਨਾ 80)

ਅੱਜ ਦੇ ਆਧੁਨਿਕ ਸਹੂਲਤਾਂ ਅਤੇ ਉਹਨਾਂ ਦੇ ਪ੍ਰਭਾਵਾਂ ਦੀ ਗੱਲ ਕਰਦੀਆਂ ਕਵਿਤਾਵਾਂ ਆਨਲਾਈਨ, ਫਿਲਟਰ, ਅੱਪਡੇਟ ਸੋਸ਼ਲ ਮੀਡੀਆ ਨੇ ਮਨੁੱਖ ਅੰਦਰ ਕੀਤੇ ਬਦਲਾਅ ਨੂੰ ਉਜਾਗਰ ਕੀਤਾ ਹੈ। ਇਸ ਸੋਸ਼ਲ ਮੀਡੀਆ ਦੇ ਜ਼ਮਾਨੇ ਵਿੱਚ ਅਸੀਂ ਰਿਸ਼ਤੇ, ਪਿਆਰ, ਵਪਾਰ ਅਤੇ ਹੋਰ ਪਤਾ ਨਹੀਂ ਕੀ ਕੀ ਗੁਆ ਦਿੱਤਾ ਹੈ।

ਉਸ ਦੀ ਹਰ ਫੋਟੋ ਤੇ
ਲੱਗਾ ਸੀ ਫਿਲਟਰ
ਮਿਲਦਿਆਂ ਬੋਲਿਆ
ਪਛਾਣਿਆਂ ਨਹੀਂ ?
ਇੰਸਟਾ ਵਾਲਾ ਸੀ...
(ਪੰਨਾ 71)

ਪਿਆਰਿਆਂ ਦੇ ਪਰਿਵਾਰ ਵਿਚ ਬਦਲਦੇ ਸਮੀਕਰਨ ਦੀ ਗੱਲ ਕਰਦੀ ਕਵਿਤਾ ਆਫਟਰ ਬਰੇਕ ਪ੍ਰੇਮੀਆਂ ਦੇ ਵਿਆਹ ਤੋਂ ਬਾਅਦ ਦੇ ਰਵਈਏ ਨੂੰ ਦਰਸਾਉਂਦੀ ਹੈ। ਨਾਲ ਹੀ ਪਰਾਤ ਵਿੱਚ ਗੁੰਨੇ ਆਟੇ ਅਤੇ ਹੋਟਲ ਦੇ ਆਟੇ ਦੀ ਜਾਣਕਾਰੀ ਦਿੰਦੀਆਂ ਕਵਿਤਾਵਾਂ ਪਰਾਤ ਦਾ ਆਟਾ ਅਤੇ ਰੱਜ ਖ਼ੂਬਸੂਰਤ ਬਿਰਤਾਂਤ ਸਿਰਜਦੀਆਂ ਹਨ। ਇਸੇ ਤਰ੍ਹਾਂ ਪੁਸਤਕ ਦੀਆਂ ਰਚਨਾਵਾਂ ਤਹਿਆਂ, ਖੂਨ, ਬਲੈਕ ਮੇਲਰ – 2, ਝੱਲਪੁਣਾ, ਵਿਆਜ਼, ਨੰਗੇ, ਪੂਰੇ ਸੂਰੇ, ਅਸਮਾਨ ਨੂੰ ਪੁੱਛੀਏ ਆਦਿ ਵੀ ਵਧੀਆ ਰੋਲ ਨਿਭਾ ਰਹੀਆਂ ਹਨ।

ਪੁਸਤਕ ਵਿਚ ਗਿਆਰਾਂ ਟੱਪੇ ਵੀ ਸ਼ਾਮਲ ਹਨ। ਲੇਖਕ ਦੀ ਇਹ ਪਲੇਠੀ ਪੁਸਤਕ ਹੋਣ ਕਾਰਨ ਕੁਝ ਊਣਤਾਈਆਂ ਨਜ਼ਰ ਆਉਂਦੀਆਂ ਹਨ ਪਰ ਫਿਰ ਵੀ ਪਾਠਕਾਂ ਨੂੰ ਪੜ੍ਹਦੇ ਸਮੇਂ ਇਕ ਪ੍ਰੌੜ੍ਹ ਕਵੀ ਦੀ ਕਵਿਤਾ ਦਾ ਅਹਿਸਾਸ ਹੁੰਦਾ ਹੈ।



**ਰਿਵਿਊਕਾਰ –**
**ਤੇਜਿੰਦਰ ਚੰਡਿਹੋਕ**
**ਪ੍ਰਧਾਨ, ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ**
**95010-00224**

# ਗੁੱਡੀ ਫੂਕਣੀ

ਪਿਛਲੇ ਹਫਤੇ, ਸਾਡੇ ਪਿੰਡਾਂ ਉਪਰ,ਹਰ ਰੋਜ਼ ਐਨਾਂ ਬੱਦਲ ਚੜ੍ਹ ਚੜ੍ਹ ਆਇਆ ਕਿ ਦਿਨੇ ਹਨੇਰਾ ਹੋ ਜਾਇਆ ਕਰਦਾ ਸੀ।ਕਈ ਥਾਈਂ ਚੰਗਾ ਮੀਂਹ ਪਿਆ ਵੀ, ਪਰ ਸਾਡੇ ਪਿੰਡ ਦੇ ਚੁਫੇਰੇ ਦਸ ਬਾਰਾਂ ਮੀਲ ਦੇ ਘੇਰੇ ਵਿੱਚ ਇੱਕ ਕਿਣੀਂ ਵੀ ਨਹੀਂ ਡਿਗੀ। ਰੋਜ਼ ਹੋ ਰਹੀ ਇਸ ਸੁੱਕੀ ਘਨਘੋਰ ਬੱਦਲਬਾਈ, ਅਤੇ ਕਾਲੀਆਂ ਘਟਾਵਾਂ ਦੇਖ ਕੇ ਮੈਨੂੰ ਤਾਈ ਬਿਸ਼ਨੀ, ਕਰਮੀ,ਕਰਤਾਰੀ, ਚਾਚੀਆਂ ਭਾਨੋਂ ਅਤੇ ਸੰਤੀ ਰਹਿ ਰਹਿ ਕੇ ਯਾਦ ਆਉਣ ਲੱਗੀਆਂ ਸਨ। ਜਦੋਂ ਵੀ ਕਦੇ,ਦੋ ਚਾਰ ਵਾਰ, ਕਾਲੀਆਂ ਘਟਾਵਾਂ ਬਿਨਾਂ ਬਰਸੇ ਲੰਘ ਜਾਇਆ ਕਰਦੀਆਂ ਸਨ, ਸਾਡੀਆਂ ਚਾਚੀਆਂ – ਤਾਈਆਂ ਝੱਟ ਇਕੱਠੀਆਂ ਹੋ ਜਾਇਆ ਕਰਦੀਆਂ ਸਨ। ਹਾਲਾਂਕਿ ਉਨ੍ਹਾਂ ਦਿਨਾਂ ਵਿਚ ਫੂਨ ਨਹੀਂ ਹੋਇਆ ਕਰਦੇ ਸਨ, ਫ਼ੇਰ ਵੀ ਘੰਟੇ ਕੁ 'ਚ ਹੀ ਉਹ ਸਾਰਾ ਤਾਣਾਂ ਬਾਣਾਂ ਤਿਆਰ ਕਰ ਲਿਆ ਕਰਦੀਆਂ ਸਨ। ਬਹੁਤੇ ਪਿੰਡ ਵਾਸੀਆਂ ਨੂੰ ਤਾਂ ਪਤਾ ਹੀ ਉਹ ਸਿਖਰ ਦੁਪਹਿਰੇ,ਕੱਪੜੇ ਦੀ ਬਣਾਈ ਗੁੱਡੀ ਦੀ ਅਰਥੀ ਮਗਰ, ਕਾਲੇ ਘੱਗਰੇ ਪਾਈ ਕੀਰਨੇ ( ਵੈਣ ) ਪਾਉਂਦੀਆਂ ਨਹਿਰ ਵੱਲ ਨੂੰ ਤੁਰੀਆਂ ਹੁੰਦੀਆਂ ਸਨ। ਫਿਰ ਪਿੰਡ ਦੀਆਂ ਅਲੱਗ ਅਲੱਗ ਪੱਤੀਆਂ (ਮੁਹੱਲੇ) ਗੁਡੀਆਂ ਫੂਕਣੀਆਂ ਸ਼ੁਰੂ ਹੋ ਜਾਇਆ ਕਰਦੀਆਂ ਸਨ।ਪਿੰਡਾਂ ਵਿੱਚ ਹੋੜ ਮਚ ਜਾਇਆ ਕਰਦੀ ਸੀ ਗੁੱਡੀ ਫੂਕਣ ਦੀ। ਇਸ ਦੇ ਨਾਲ ਹੀ ਪਿੰਡਾਂ ਦੇ ਬਜ਼ੁਰਗ ਵੀ ਸਰਗਰਮ ਹੋ ਜਾਇਆ ਕਰਦੇ ਸਨ। ਮੀਂਹ ਪੁਆਉਣ ਲਈ ਹਰ ਪਿੰਡ, ਥਾਂ ਥਾਂ ਦਲੀਆ ਵੰਡਿਆ ਜਾਣਾ ਲਗਦਾ ਸੀ।ਹੜ੍ਹ ਆ ਜਾਣ ਤਾਂ ਖਵਾਜਾ ਦੇਵਤੇ ਦੀ ਕਰੋਪੀ ਦੂਰ ਕਰਨ ਲਈ ਅਤੇ ਸੋਕਾ ਪੈ ਜਾਵੇ ਤਾਂ ਇੰਦਰ ਦੇਵਤਾ ਨੂੰ ਖੁਸ਼ ਕਰਨ ਲਈ ਦਲੀਆ ਵੰਡਿਆ ਜਾਂਦਾ ਸੀ। ਸਾਉਣ ਦਾ ਮਹੀਨਾ ਸ਼ੁਰੂ ਹੋ ਚੁੱਕਾ ਹੈ। ਇਲਾਕੇ ਵਿੱਚ ਮੀਂਹ ਦਾ ਕੋਈ ਨਾਂ ਨਿਸ਼ਾਨ ਨਹੀਂ ਹੈ। ਕਾਲੀਆਂ ਘਟਾਵਾਂ ਚੜ੍ਹਦੀਆਂ ਹਨ ਅਤੇ ਬਿਨਾਂ ਬਰਸੇ ਨਿਕਲ ਜਾਂਦੀਆਂ ਹਨ।ਪਰ ਕਿਧਰੇ ਵੀ ਕੋਈ ਗੁੱਡੀ ਨਹੀਂ ਫੂਕੀ ਜਾ ਰਹੀ। ਕਿਤੇ ਦਲੀਆ ਨਹੀਂ ਵੰਡਿਆ ਜਾ ਰਿਹਾ। ਪਤਾ ਨਹੀਂ ਅੱਜ ਦੀਆਂ ਔਰਤਾਂ ਅਤੇ ਬਜ਼ੁਰਗਾਂ ਨੂੰ ਇੰਦਰ ਦੇਵਤਾ 'ਤੇ ਵਿਸ਼ਵਾਸ ਨਹੀਂ ਰਿਹਾ। ਜਾਂ ਇਹ ਸਭ ਕਰਨ ਵਿੱਚ ਉਹਨਾਂ ਨੂੰ ਸ਼ਰਮ ਮਹਿਸੂਸ ਹੋਣ ਲੱਗੀ ਹੈ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com